ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 17/10 ਅਕਤੂਬਰ 2017 – ਨਾਨਕਸ਼ਾਹੀ ਅੱਸੂ-ਕੱਤਕ 549

## ਇਤਿਹਾਸਿਕ ਦਿਹਾੜੇ

### ਸਤੰਬਰ ਅਤੇ ਅਕਤੂਬਰ 2017

| | | |
|---|---|---|
| ਪ੍ਰਕਾਸ਼ ਸ੍ਰੀ ਗੁਰੂ ਰਾਮਦਾਸ ਜੀ | ੨੨ ਅੱਸੂ | 7 ਅਕਤੂਬਰ |
| ਜੋਤੀ-ਜੋਤਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੨੮ ਅੱਸੂ | 13 ਅਕਤੂਬਰ |
| ਗੁਰਗੱਦੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੨੮ ਅੱਸੂ | 13 ਅਕਤੂਬਰ |
| ਬੰਦੀ ਛੋੜ ਦਿਵਸ (ਦੀਵਾਲੀ) | ੩ ਕੱਤਕ | 19 ਅਕਤੂਬਰ |
| ਗੁਰਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ | ੫ ਕੱਤਕ | 21 ਅਕਤੂਬਰ |
| ਜੋਤੀ- ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ੯ ਕੱਤਕ | 25 ਅਕਤੂਬਰ |
| ਸਾਕਾ ਪੰਜਾ ਸਾਹਿਬ | ੧੪ ਕੱਤਕ | 30 ਅਕਤੂਬਰ |
| ਜਨਮ ਭਗਤ ਨਾਮਦੇਵ ਜੀ | ੧੫ ਕੱਤਕ | 31 ਅਕਤੂਬਰ |

www.gurmatparsar.com

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਕਤਿਕਿ ਕਰਮ ਕਮਾਵਣੇ .........॥ (ਜੀਵਨ - ਜੁਗਤਿ)

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥੯॥

ਮਾਝ ਬਾਰਹਮਾਹਾ (ਮः ੫) – ਅੰਗ ੧੩੫

ਪਦ ਅਰਥ :– ਕਤਿਕਿ–ਕੱਤਕ (ਦੀ ਠੰਢੀ ਬਹਾਰ) ਵਿਚ । ਕਾਹੂ ਜੋਗੁ–ਕਿਸੇ ਦੇ ਜਿਮੇ, ਕਿਸੇ ਦੇ ਮੱਥੇ । ਵਿਆਪਨ੍ਹਿ–ਜੋਰ ਪਾ ਲੈਂਦੇ ਹਨ । ਰਾਮ ਤੇ–ਰੱਬ ਤੋਂ । ਲਗਨ੍ਹਿ–ਲੱਗ ਜਾਂਦੇ ਹਨ । ਜਨਮ ਵਿਜੋਗ–ਜਨਮਾਂ ਦੇ ਵਿਛੋੜੇ, ਲੰਮੇ ਵਿਛੋੜੇ । ਮਾਇਆ ਭੋਗ–ਮਾਇਆ ਦੀਆਂ ਮੌਜਾਂ, ਦੁਨੀਆਂ ਦੇ ਐਸ਼ । ਵਿਚੁ–ਵਿਚੋਲਾ ਪਨ । ਕਿਸ ਥੈ–(ਹੋਰ) ਕਿਸ ਕੋਲ ? ਰੋਜ਼–ਨਿਤ, ਹਰ ਰੋਜ਼ । ਕੀਤਾ–ਆਪਣਾ ਕੀਤਾ । ਧੁਰਿ–ਧੁਰ ਤੋਂ, ਪ੍ਰਭੂ ਦੀ ਹਜ਼ੂਰੀ ਤੋਂ । ਸਭਿ–ਸਾਰੇ । ਬਿਓਗ–ਵਿਛੋੜੇ ਦੇ ਦੁੱਖ । ਕਉ–ਨੂੰ ਪ੍ਰਭੂ–ਹੇ ਪ੍ਰਭੂ ! ਬੰਦੀ ਮੋਚ–ਹੇ ਕੈਦ ਤੋਂ ਛੁਡਾਣ ਵਾਲੇ ! ਬਿਨਸਹਿ–ਨਾਸ ਹੋ ਜਾਂਦੇ ਹਨ । ਸੋਚ ਫਿਕਰ ।

ਅਰਥ:– ਕੱਤਕ (ਦੀ ਸੁਹਾਵਣੀ ਰੁੱਤ) ਵਿਚ (ਭੀ ਜੇ ਪ੍ਰਭੂ–ਪਤੀ ਨਾਲੋਂ ਵਿਛੋੜਾ ਰਿਹਾ ਤਾਂ ਇਹ ਆਪਣੇ) ਕੀਤੇ ਕਰਮਾਂ ਦਾ ਸਿੱਟਾ ਹੈ; ਕਿਸੇ ਹੋਰ ਦੇ ਮੱਥੇ ਕੋਈ ਦੋਸ਼ ਨਹੀਂ ਲਾਇਆ ਜਾ ਸਕਦਾ । ਪਰਮੇਸ਼ਰ (ਦੀ ਯਾਦ) ਤੋਂ ਖੁੰਝਿਆਂ (ਦੁਨੀਆਂ ਦੇ) ਸਾਰੇ ਦੁੱਖ–ਕਲੇਸ਼ ਜ਼ੋਰ ਪਾ ਲੇਂਦੇ ਹਨ । ਜਿੰਨ੍ਹਾਂ ਨੇ (ਇਸ ਜਨਮ ਵਿੱਚ) ਪਰਮਾਤਮਾ ਦੀ ਯਾਦ) ਵਲੋਂ ਮੂੰਹ ਮੋੜੀ ਰੱਖਿਆ; ਉਹਨਾਂ ਨੂੰ (ਫਿਰ) ਲੰਮੇ ਵਿਛੋੜੇ ਪੈ ਜਾਂਦੇ ਹਨ ਜੇਹੜੀਆਂ ਮਾਇਆ ਦੀਆਂ ਮੌਜਾਂ (ਦੀ ਖ਼ਾਤਰ ਪ੍ਰਭੂ ਨੂੰ ਭੁਲਾ ਦਿੱਤਾ ਸੀ, ਉਹ ਭੀ) ਇਕ ਪਲ ਵਿੱਚ ਦੁਖਦਾਰੀ ਹੋ ਜਾਂਦੀਆਂ ਹਨ, (ਉਸ ਦੁੱਖੀ ਹਾਲਤ ਵਿੱਚ) ਕਿਸੇ ਪਾਸ ਭੀ ਨਿੱਤ ਰੋਣੇ ਰੋਣ ਦਾ ਕੋਈ ਲਾਭ ਨਹੀਂ ਹੁੰਦਾ, (ਕਿਉਂਕਿ ਦੁੱਖ ਤਾਂ ਹੈ ਵਿਛੋੜੇ ਦੇ ਕਾਰਨ, ਦੇ ਵਿਛੋੜੇ ਨੂੰ ਦੂਰ ਕਰਨ ਲਈ) ਕੋਈ ਵਿਚੋਲਾ–ਪਨ ਨਹੀਂ ਕਰ ਸਕਦਾ । (ਦੁਖੀ ਜੀਵ ਦੀ ਆਪਣੀ) ਕੋਈ ਪੇਸ਼ ਨਹੀਂ ਜਾਂਦੀ, (ਪਿਛਲੇ ਕੀਤੇ ਕਰਮਾਂ ਅਨੁਸਾਰ) ਧੁਰੋਂ ਹੀ ਲਿਖੇ ਲੇਖਾਂ ਦੀ ਬਿਧ ਆ ਬਣਦੀ ਹੈ ।

(ਹਾਂ !) ਜੇ ਚੰਗੇ ਭਾਗਾਂ ਨੂੰ ਪ੍ਰਭੂ (ਆਪ) ਆ ਮਿਲੇ, ਤਾਂ ਵਿਛੋੜੇ ਤੋਂ ਪੈਦਾ ਹੋਏ ਸਾਰੇ ਦੁੱਖ ਮਿਟ ਜਾਂਦੇ ਹਨ।

ਨਾਨਕ ਦੀ ਤਾਂ ਇਹੀ ਬੇਨਤੀ ਹੈ-) ਹੇ ਮਾਇਆ ਦੇ ਬੰਧਨਾਂ ਤੋਂ ਛੁਡਾਵਣ ਵਾਲੇ ਮੇਰੇ ਮਾਲਕ ! ਨਾਨਕ ਨੂੰ (ਮਾਇਆ ਦੇ ਮੋਹ ਤੋਂ) ਬਚਾ ਲੈ।ਕੱਤਕ (ਦੀ ਸੁਆਦਲੀ ਰੁੱਤ) ਵਿੱਚ ਜਿੰਨ੍ਹਾਂ ਨੂੰ ਸਾਧ ਸੰਗਤਿ ਮਿਲ ਜਾਏ, ਉਹਨਾਂ ਦੇ (ਵਿਛੋੜੇ ਵਾਲੇ ਸਾਰੇ ਚਿੰਤਾਂ-ਖੋਰੇ ਮੁੱਕ ਜਾਂਦੇ ਹਨ।੯।

## ਵਾਹੁ ਵਾਹੁ ਬਾਣੀ ਨਿਰੰਕਾਰ ਹੈ

ਸਤਿੰਦਰ ਸਿੰਘ ਨੰਦਾ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ੁਭ ਆਗਮਨ ਸਮੇਂ ਇਸ ਸੰਸਾਰ ਵਿੱਚ ਧਾਰਮਿਕ ਤੌਰ ਤੇ ਹਨੇਰ ਹੀ ਹਨੇਰ ਛਾਇਆ ਹੋਇਆ ਸੀ। ਆਮ ਮਨੁੱਖ ਕਰਮ ਕਾਂਡਾਂ ਅਤੇ ਵਹਿਮਾਂ ਭਰਮਾਂ ਵਿੱਚ ਬੁਰੀ ਤਰ੍ਹਾਂ ਫਾਥਾ ਹੋਇਆ ਸੀ ਅਤੇ ਸ਼ਾਸਕ ਵਰਗ ਆਪਣੀ ਐਸ਼ ਪ੍ਰਸਤੀ ਜਾਂ ਖ਼ੂਨ ਖ਼ਰਾਬੇ ਵਿੱਚ ਪੂਰੀ ਤਰ੍ਹਾਂ ਗ਼ਲਤਾਨ ਸੀ। ਮਨੁੱਖ ਅਤੇ ਪਰਮਾਤਮਾ ਵਿਚਕਾਰ ਰਿਸ਼ਤਾ ਗੁੰਮ ਹੋ ਚੁੱਕਾ ਸੀ। ਮਨੁੱਖ ਨੂੰ ਭਰਮਾਉਣ ਵਾਸਤੇ ਅਨੇਕ ਪੀਰ-ਫ਼ਕੀਰ, ਨਾਥ-ਜੋਗੀ, ਬ੍ਰਾਹਮਣ ਤੇ ਮੌਲਵੀ ਰੱਬ ਰੂਪ ਬਣ ਬੈਠੇ ਸਨ। ਆਮ ਮਨੁੱਖ ਦੀ ਸੋਚ ਇਨ੍ਹਾਂ ਧਾਰਮਿਕ ਮੁਖੀਆਂ ਦੇ ਡੇਰੇਦਾਰਾਂ ਤੋਂ ਉਪਰ ਸੋਚ ਹੀ ਨਹੀਂ ਸੀ ਸਕਦੀ।

ਇਸ ਕਰਕੇ ਜਨ ਜੀਵਨ ਦੁੱਖਾਂ ਕਲੇਸ਼ਾਂ ਵਿੱਚ ਘਿਰਿਆ ਹੋਇਆ ਸੀ। ਉਸ ਦੇ ਮਨ ਵਿੱਚ ਨਾ ਗਿਆਨ ਸੀ ਤੇ ਨਾ ਸ਼ਾਂਤੀ। ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵਾਰ ਆਪਣੀ ਬਾਣੀ ਵਿੱਚ ਮਨੁੱਖ ਨੂੰ ਸਿੱਧਾ ਪਰਮਾਤਮਾ ਨਾਲ ਜੁੜਨ ਦਾ ਮਾਰਗ ਦੱਸਿਆ। ਗੁਰਬਾਣੀ ਵਿੱਚ ਕਿਸੇ ਮਨੁੱਖੀ ਰੂਪ ਦੀ ਥਾਂ ਨਿਰਾਕਾਰ ਪਰਮਾਤਮਾ ਦੇ ਗੁਣ ਗਾਏ ਗਏ ਹਨ। ਨਿਰਾਕਾਰ ਪਰਮਾਤਮਾ ਦਾ ਗਿਆਨ ਭਾਵੇਂ ਹਿੰਦੂ ਤੇ ਮੁਸਲਮਾਨ ਧਰਮਾਂ ਦੇ ਗ੍ਰੰਥਾਂ ਵਿੱਚ ਪਹਿਲਾਂ ਵੀ ਮੌਜੂਦ ਸੀ, ਪਰ ਇਹ ਸਿਰਫ਼ ਗਿਆਨ ਦਾ ਹੀ ਵਿਸ਼ਾ ਸੀ। ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਲਈ ਤਰਕ ਤੇ ਵਿਚਾਰ ਚਰਚਾ ਦਾ ਆਸਰਾ ਲਿਆ ਜਾਂਦਾ ਸੀ। ਗੁਰਬਾਣੀ ਦਾ ਸੰਦੇਸ਼ ਸਾਖਸ਼ਾਤ ਅਨੁਭਵ ਉੱਤੇ ਨਿਰਭਰ ਕਰਦਾ ਹੈ, ਇਸ ਲਈ ਨਿਰਾਕਾਰ ਪਰਮਾਤਮਾ ਨਾਲ ਭਾਵੁਕ ਪੱਧਰ ਤੇ ਜੋ ਰਿਸ਼ਤਾ ਗੁਰਬਾਣੀ ਰਾਹੀਂ ਜੁੜਦਾ ਹੈ, ਇਹ ਗੁਰਬਾਣੀ ਦੀ ਵਿਲੱਖਣ ਵਿਸ਼ੇਸ਼ਤਾ ਹੈ। ਇਸ ਤਰ੍ਹਾਂ ਗੁਰਬਾਣੀ ਨਿਰੋਲ ਉਪਦੇਸ਼ ਜਾਂ ਵਿਚਾਰ ਮਾਤਰ ਨਾ ਰਹਿ ਕੇ ਇੱਕ ਮਾਰਗ ਅਤੇ ਉਸ ਮਾਰਗ ਉੱਤੇ ਤੁਰਨ ਦਾ ਪ੍ਰੇਰਨਾ ਸਰੋਤ ਹੋ ਨਿਬੜਦੀ ਹੈ। ਬਸ ਲੋੜ ਹੈ ਇਸ ਨਾਲ ਮਨ ਦੀ ਤਾਰ ਜੋੜਨ ਦੀ।

ਗੁਰ ਸੇਵਾ ਤੇ ਕਰਣੀ ਸਾਰ॥ ਰਾਮ ਨਾਮੁ ਰਾਖਹੁ ਉਰਿ ਧਾਰ॥ (ਪੰਨਾ ੧੦੬੬)

ਗੁਰਬਾਣੀ ਦਾ ਸਤਿਕਾਰ, ਪਾਠ, ਵਿਚਾਰ ਤੇ ਵਿਸ਼ਵਾਸ ਸਿੱਖ ਧਰਮ ਦਾ ਕੇਂਦਰੀ ਧੁਰਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਾਖਸ਼ਾਤ ਨਿਰੰਕਾਰ ਤੇ ਗੁਰੂ ਦਾ ਦਰਜਾ ਦਿੱਤਾ ਗਿਆ ਹੈ। ਸਿੱਖ ਧਰਮ ਵਿੱਚ ਸ਼ਬਦ ਦੀ ਪੂਜਾ ਨੂੰ ਜਿੰਨਾ ਮਹੱਤਵ ਦਿੱਤਾ ਗਿਆ ਹੈ, ਇੰਨਾ ਸ਼ਾਇਦ ਹੀ ਕਿਸੇ ਹੋਰ ਧਰਮ ਵਿੱਚ ਦਿੱਤਾ ਜਾਂਦਾ ਹੋਵੇ। ਇਸ ਮੱਤ ਅਨੁਸਾਰ ਗੁਰੂ ਦੀ ਬਾਣੀ, ਗੁਰੂ ਦਾ ਉਪਦੇਸ਼, ਉਸ ਦੇ ਸਰੀਰ ਤੋਂ, ਉਸ ਦੀ ਮੂਰਤ ਤੋਂ, ਉਸ ਦੇ ਜੀਵਨ ਕਰਮ ਤੋਂ ਵਧੇਰੇ ਮਹੱਤਵ ਰਖਦੀ ਹੈ। ਗੁਰਬਾਣੀ ਬਾਰੇ ਇਸ ਤਰ੍ਹਾਂ ਦੀ ਧਾਰਣਾ ਸਿੱਖ ਧਰਮ ਦੇ ਪੈਰੋਕਾਰਾਂ ਦੀ ਕ੍ਰਿਤ ਨਹੀਂ ਹੈ, ਇਸ ਸਿਧਾਂਤ ਦਾ ਪ੍ਰਤੀਪਾਦਨ ਆਪ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿੱਚ ਸਪੱਸ਼ਟ ਤੌਰ ਤੇ ਕੀਤਾ ਹੈ। ਇਸ ਲਈ ਇਸ ਸੰਬੰਧ ਵਿਚ ਜਿੰਨਾ ਮਰਜ਼ੀ ਸ਼ੰਕੇ ਤੇ ਭਰਮ-ਭੁਲੇਖੇ ਪੈਦਾ ਕਰਨ ਦਾ ਯਤਨ ਕੀਤਾ ਜਾਵੇ, ਉਹ ਸਾਰੇ ਗੁਰਬਾਣੀ ਦੇ ਚਾਨਣ ਭਰੇ ਪ੍ਰਚੰਡ ਤੇਜ ਦੇ ਸਾਹਮਣੇ ਨਿਰਮੂਲ ਤੇ ਮੰਦ ਪੈ ਜਾਂਦੇ ਹਨ। ਮਨੁੱਖਤਾ ਦੀ ਕਲਿਆਣ ਹਿਤ ਗੁਰਬਾਣੀ ਦੇ ਇਸ ਚਾਨਣ ਨੂੰ ਸਦੀਵੀ ਤੌਰ ਤੇ ਸਾਂਭਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕੀਤਾ। ਇਸ ਸੰਪਾਦਨ ਵਿੱਚ ਗੁਰੂ ਘਰ ਦੀ ਪਰੰਪਰਾ ਨਾਲੋਂ ਵੀ ਬਾਣੀ ਨੂੰ ਉੱਚਾ ਦਰਜਾ ਦਿੱਤਾ ਗਿਆ ਹੈ। ਇਸ ਲਈ ਇਸ ਪਵਿੱਤਰ ਗ੍ਰੰਥ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਹੋਰ ਧਰਮਾਂ ਦੇ ਮਹਾਪੁਰਖਾਂ ਦੀ ਬਾਣੀ ਵੀ ਸ਼ਾਮਿਲ ਕੀਤੀ ਗਈ ਹੈ। ਬੇਸ਼ੱਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਰਸਮੀ ਤੌਰ ਤੇ ਗੁਰਗੱਦੀ 1708 ਈਸਵੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਤੋਂ ਕੁਝ ਦਿਨ ਪਹਿਲਾਂ ਪ੍ਰਾਪਤ ਹੋਈ, ਪਰ ਅਮਲੀ ਰੂਪ ਵਿੱਚ ਇਹ ਪ੍ਰਕ੍ਰਿਆ 104 ਸਾਲ ਪਹਿਲਾਂ ਤੋਂ ਸ਼ੁਰੂ ਹੋ ਚੁੱਕੀ ਸੀ। ਗੁਰੂ ਅਰਜਨ ਦੇਵ ਜੀ ਨੇ 1604 ਈਸਵੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਸੁੰਦਰ ਅਸਥਾਨ ਉੱਤੇ ਸ਼ਾਂਤੀ ਭਰੇ ਵਾਤਾਵਰਣ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਇਸ ਪਰੰਪਰਾ ਦਾ ਮੁੱਢ ਬੰਨ੍ਹ ਦਿੱਤਾ ਸੀ। ਇਸੇ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਚਾਰ ਸੌ ਸਾਲਾਂ ਸ਼ਤਾਬਦੀ 2004 ਈਸਵੀ ਵਿੱਚ ਮਨਾਈ ਗਈ ਤੇ 2008 ਵਿੱਚ 300 ਸਾਲਾਂ ਗੁਰਤਾ ਗੱਦੀ ਦਿਵਸ ਸਾਰੇ ਸੰਸਾਰ ਵਿੱਚ ਮਨਾਇਆ ਗਿਆ ਹੈ।

**ਹਰਿ ਕੇ ਗੁਣ ਗਾਵਾ ਜੇ ਹਰਿ ਪ੍ਰਭ ਭਾਵਾ॥ ਅੰਤਰਿ ਹਰਿ ਨਾਮੁ ਸਬਦਿ ਸੁਹਾਵਾ॥**
**ਗੁਰਬਾਣੀ ਚਹੁ ਕੁੰਡੀ ਸੁਣੀਐ ਸਾਚੈ ਨਾਮਿ ਸਮਾਇਦਾ ॥੩॥**

**ਮਾਰੂ ਸੋਲਹੇ (ਮ: ੩) - ਅੰਗ ੧੦੬੫**

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸੁਰ ਮੁੱਖ ਤੌਰ ਤੇ ਅਧਿਆਤਮਕ ਹੈ, ਜਿਸ ਵਿੱਚ ਸਮੁੱਚੇ ਭਾਰਤੀ ਸਭਿਆਚਾਰ, ਸਮਾਜ, ਰਾਜਨੀਤੀ, ਇਤਿਹਾਸ ਅਤੇ ਭੂਗੋਲਿਕ

ਢਾਂਚੇ ਨੂੰ ਪ੍ਰਭਾਵਿਤ ਹੁੰਦਿਆਂ ਵੇਖਿਆ ਜਾ ਸਕਦਾ ਹੈ ਅਤੇ ਸਮਾਜਿਕ, ਰਾਜਨੀਤਕ,ਇਤਿਹਾਸਕ, ਮਿਥਿਹਾਸਕ, ਪ੍ਰਕ੍ਰਿਤਿਕ ਪਹਿਲੂਆਂ ਨੂੰ ਵੀ ਭਰਪੂਰ ਰੂਪ ਵਿੱਚ ਛੂਹਿਆ ਗਿਆ ਦ੍ਰਿਸ਼ਟੀਗੋਚਰ ਹੁੰਦਾ ਹੈ । ਇੰਝ ਇਸ ਜਗਤਾਰਕ ਗ੍ਰੰਥ ਵਿੱਚ ਕਰੀਬ ਕਰੀਬ ਪੰਜ ਸਦੀਆਂ ਦੇ ਵਿਸ਼ੇਸ਼ ਅਧਿਆਤਮਕ ਸੁਰ ਰੱਖਣ ਵਾਲੇ ਮਹਾਪੁਰਖਾਂ ਦੇ ਅਨੁਭਵੀ ਗਿਆਨ ਨੂੰ ਸੰਕਲਿਤ ਕੀਤਾ ਗਿਆ ਹੈ । ਇਸ ਪਵਿੱਤਰ ਗ੍ਰੰਥ ਦਾ ਸੰਪਾਦਨ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਗੁਰਮਤਿ ਦੇ ਢਾਡੀ ਕਵੀ ਭਾਈ ਗੁਰਦਾਸ ਜੀ ਦੀ ਸੇਵਾ ਨਾਲ ਆਰੰਭਿਆ । ਭਾਦੋਂ ਸੁਦੀ ਏਕਮ 1661 ਬਿ. (1604 ਈ.) ਨੂੰ ਅੰਮ੍ਰਿਤਸਰ ਦੇ ਰਾਮਸਰ ਸਥਾਨ ਤੋਂ ਬੜੀ ਸ਼ਰਧਾ ਨਾਲ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪਾਵਨ ਅਸਥਾਨ ਉੱਤੇ ਲਿਆ ਕੇ ਪ੍ਰਕਾਸ਼ ਕੀਤਾ ਅਤੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਥਾਪੇ ਗਏ । ਪਹਿਲੇ ਪ੍ਰਕਾਸ਼ ਸਮੇਂ ਜਿਹੜਾ ਗੁਰਵਾਕ ਸੰਗਤਾਂ ਨੂੰ ਸੁਣਾਇਆ ਗਿਆ, ਉਹ ਆਸਥਾ ਬੰਨ੍ਹਾਉਣ ਵਾਲਾ ਤੇ ਠੰਢਕ ਵਰਤਾਉਣ ਵਾਲਾ ਸੀ ।

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥**
**ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥**

**ਸੂਹੀ (ਮਃ ੫) – ਅੰਗ ੭੮੩**

ਇਸੇ ਤਰ੍ਹਾਂ ਹੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਵੇਲੇ ਦਾ ਸ਼ੁਭ ਵਾਕ ਵੀ ਦਰਜ ਕੀਤਾ ਮਿਲਦਾ ਹੈ ਜੋ ਮਾਰੂ ਮਹਲਾ ਪੰਜਵਾਂ ਦਾ ਹੈ:

**ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥**
**ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥੪॥੬॥**

**ਮਾਰੂ (ਮਃ ੫) – ਅੰਗ ੧੦੦੦**

1430 ਪੰਨਿਆਂ ਦੇ ਇਸ ਅਮੁੱਲੇ ਗ੍ਰੰਥ ਵਿੱਚ ਇਕੱਤੀ ਰਾਗਾਂ (ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੌਂਡ, ਰਾਮਕਲੀ, ਨਟ ਨਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਹ, ਕਾਨੜਾ, ਕਲਿਆਣ, ਪ੍ਰਭਾਤੀ ਅਤੇ ਜੈਜਾਵੰਤੀ) ਤੋਂ ਇਲਾਵਾ 22 ਵਾਰਾਂ (ਗੁਰੂ ਨਾਨਕ ਦੇਵ ਜੀ ਦੀਆਂ ਤਿੰਨ ਵਾਰਾਂ–ਰਾਗ ਮਾਝ, ਆਸਾ ਤੇ ਮਲਾਹ; ਗੁਰੂ ਅਮਰਦਾਸ ਜੀ ਦੀਆਂ ਚਾਰ ਵਾਰਾਂ –ਰਾਗ ਗੂਜਰੀ, ਸੂਹੀ, ਰਾਮਕਲੀ ਅਤੇ ਮਾਰੂ ; ਗੁਰੂ ਰਾਮਦਾਸ ਜੀ ਦੀਆਂ ਅੱਠ ਵਾਰਾਂ–ਰਾਗ ਸਿਰੀ, ਗਉੜੀ, ਬਿਹਾਗੜਾ, ਵਡੰਹਸ, ਸੋਰਠਿ, ਬਿਲਾਵਲੁ, ਸਾਰੰਗ

ਤੇ ਕਾਨੜਾ; ਗੁਰੂ ਅਰਜਨ ਦੇਵ ਜੀ ਦੀਆਂ ਛੇ ਵਾਰਾਂ-ਰਾਗ ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਅਤੇ ਭਾਈ ਸੱਤਾ ਤੇ ਬਲਵੰਡ ਜੀ ਦੀ ਇੱਕ ਵਾਰ-ਰਾਗ ਰਾਮਕਲੀ) ਮਿਲਦੀਆਂ ਹਨ। ਸਾਰੀ ਬਾਣੀ ਨੂੰ 'ਧੁਰ ਕੀ ਬਾਣੀ' ਦੀ ਸੰਗਿਆ ਦੇ ਕੇ ਮਨੁੱਖੀ ਛਾਪੇ ਤੋਂ ਦੁਰੇਡੇ ਕੀਤਾ ਗਿਆ ਹੈ:

**ਧੁਰ ਕੀ ਬਾਣੀ ਆਈ ॥**
**ਤਿਨਿ ਸਗਲੀ ਚਿੰਤ ਮਿਟਾਈ ॥ - ਸੋਰਠਿ (ਮ: ੫) - ਅੰਗ ੬੨੮**

ਆਪਣੇ ਇਸ ਕਥਨ ਨੂੰ ਦ੍ਰਿੜ੍ਹ ਕਰਵਾਉਣ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਥਾਂ-ਪੁਰ-ਥਾਂ ਦ੍ਰਿਸ਼ਟੀਗੋਚਰ ਕੀਤਾ ਗਿਆ ਤਾਂ ਜੋ ਕਿਸੇ ਨੂੰ ਵੀ ਭਰਮ ਭੁਲੇਖੇ ਨਾ ਰਹੇ ਅਤੇ ਹਰ ਕੋਈ ਇਸ ਬਾਣੀ ਨੂੰ ਰੱਬੀ ਬਾਣੀ ਤਸੱਵਰ ਕਰਨ ਵਿੱਚ ਹੀ ਰੁਚੀ ਰਖੇ। ਇਸੇ ਵਾਸਤੇ 'ਉਸ' ਦੇ ਹੁਕਮ ਦਾ ਹੀ ਵਿਖਿਆਨ ਕੀਤਾ ਗਿਆ:

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ**
**ਹਰਿ ਕਰਤਾ ਆਪਿ ਮੁਹਹੁ ਕਢਾਏ ॥ਗਉੜੀ ਕੀ ਵਾਰ:੧ (ਮ: ੪) ੩੦੮**

ਗੁਰੂ ਗ੍ਰੰਥ ਸਾਹਿਬ ਵਿੱਚ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਗਿਆ ਹੈ ਅਤੇ ਮਨੁੱਖਤਾ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ '**ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ**' ਕਿਉਂਕਿ ਅਸੀਂ ਸਭ ਇਕੋ ਪਿਤਾ ਪਰਮੇਸ਼ਵਰ ਦੀ ਸੰਤਾਨ '**ਏਕੁ ਪਿਤਾ ਏਕਸ ਕੇ ਹਮ ਬਾਰਿਕ**' ਹਾਂ ਅਤੇ ਸਾਨੂੰ ਸਭਨਾਂ ਨੂੰ ਆਪਣੇ ਸੰਗੀ ਸਾਥੀ ਤੇ ਭਰਾ ਭਰਾ ਸਮਝਣ ਦੀ ਗੁੜ੍ਹਤੀ ਦਿੱਤੀ ਗਈ ਹੈ :

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥**
**ਪ੍ਰਭਾਤੀ (ਭ. ਕਬੀਰ) - ਅੰਗ ੧੩੪੯**

ਇਸੇ ਲਈ ਨਾਨਕ ਨਾਮੁ ਜਹਾਜ ਦੇ ਤਲਬਗਾਰ ਸਭਨਾਂ ਵਿੱਚ ਸੱਚੇ ਪਾਤਸ਼ਾਹ ਦੀ ਹੀ ਜੋਤਿ ਨੂੰ ਜਗਦੀ ਤੇ ਰੁਸ਼ਨਾਉਂਦੀ ਵੇਖਦੇ ਹੋਏ ਸਭਨਾਂ ਨੂੰ ਆਪਣੇ ਹੀ ਰੂਪ ਦਾ ਨਾਂ ਦਿੰਦੇ ਹੋਏ, ਊਚ ਨੀਚ ਦੇ ਵਖਰੇਵਿਆਂ ਤੇ ਜਾਤੀਗਤ ਭੇਦ-ਭਾਵ ਤੋਂ ਕੋਹਾਂ ਦੂਰ ਰਹਿਣ ਵਿੱਚ ਹੀ ਭਲਾਈ ਸਮਝਦੇ ਹਨ ਕਿਉਂਕਿ ਉਹ ਸਭਨਾਂ ਵਿੱਚ 'ਉਸੇ' ਦੀ ਹੀ ਜੋਤ ਨੂੰ ਜਗਦੀ ਮੰਨਦੇ ਹੋਏ '**ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**' ਨੂੰ ਆਪਣਾ ਆਸਥਾ ਰੂਪ ਪ੍ਰਗਟ ਕਰਦੇ ਹਨ। ਜੇਕਰ ਮਨੁੱਖ ਊਚ ਨੀਚ ਤੇ ਜਾਤ ਪਾਤ ਦੇ ਚੱਕਰਾਂ ਵਿੱਚ ਫਾਥਾ ਰਹੇਗਾ ਤਾਂ '**ਨਾ ਕੋਈ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ**

**ਬਨਿ ਆਈ**' ਵਾਲੀ ਖਰੀ ਸੋਚ ਅਸਰ ਨਹੀਂ ਕਰੇਗੀ ਅਤੇ ਉਨ੍ਹਾਂ ਭੈੜੇ ਚੱਕਰਾਂ ਵਿਚੋਂ ਕੱਢਣ ਲਈ ਅਤੇ ਭਿੰਨ ਭੇਦ ਮਿਟਾਉਣ ਵਾਸਤੇ ਹੀ ਸਿਰੀ ਰਾਗ ਮਹਲਾ ਪਹਿਲਾ ਵਿੱਚ ਅੰਕਿਤ ਹੈ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ – ਅੰਗ ੧੫**

ਵੰਡ ਛਕਣ, ਕਿਰਤ ਕਰਨ ਅਤੇ ਕਿਸੇ ਦਾ ਹੱਕ ਨਾ ਮਾਰਨ ਦੀ ਗੱਲ ਵੀ ਇਸੇ ਪਾਵਨ ਗ੍ਰੰਥ ਵਿੱਚ ਕੀਤੀ ਗਈ ਮਿਲਦੀ ਹੈ । '**ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ।**' ਵਾਕ ਉਚਾਰਣ ਕਰਕੇ ਆਪਣੇ ਸਿੱਖਾਂ ਨੂੰ ਪੱਕਾ ਕਰਵਾਇਆ ਗਿਆ ਕਿ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਕੇ ਅਤੇ ਆਪਣੇ ਸੰਗੀਆਂ ਸਾਥੀਆਂ ਤੇ ਲੋੜਵੰਦਾਂ ਵਿੱਚ ਵੰਡ ਕੇ ਖਾਣ ਵਿੱਚ ਹੀ 'ਉਸ' ਦੀ ਚਾਕਰੀ ਹੈ ਤੇ ਖੋਹਾ ਖਿੰਝੀ ਕਰਨ ਅਤੇ ਗਰੀਬ ਗੁਰਬੇ ਦਾ ਹੱਕ ਮਾਰ ਕੇ ਖਾਣ ਵਾਲਿਆਂ ਨੂੰ ਤਾੜਨਾ ਭਰੀ ਘੁਰਕੀ ਵੀ ਗ੍ਰੰਥ ਵਿੱਚ ਦਰਜ ਹੈ :

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥**
**ਮਾਝ ਕੀ ਵਾਰ (ਮ: ੧) – ਅੰਗ ੧੪੧**

ਪਾਰਬ੍ਰਹਮ ਦੀ ਵਿਆਪਕਤਾ ਰੋਮ ਰੋਮ ਵਿਚ ਸਮਾਈ ਹੋਈ ਹੋਣ ਕਾਰਣ 'ਉਸ' ਵਾਸਤੇ ਕੋਈ ਛੋਟਾ ਵੱਡਾ ਨਹੀਂ, ਕੋਈ ਉੱਚਾ ਨੀਵਾਂ ਨਹੀਂ, ਸਭ ਇਕੋ ਰੂਪ ਪਰਮਾਤਮਾ ਹੀ ਹਨ । ਇਥੇ ਕਿਸੇ ਦੇਸ਼, ਧਰਮ, ਕੌਮ ਤੇ ਕਬੀਲੇ ਆਦਿ ਦੀ ਗੱਲ ਹੀ ਨਹੀਂ ਬਲਕਿ ਸੱਚੇ ਪਾਤਸ਼ਾਹ ਦੀ ਸਰਬ ਵਿਆਪਕਤਾ ਅਤੇ ਰੱਬੀ ਵਰਤ ਵਰਤਾਰੇ ਵਿੱਚ ਮਨੁੱਖੀ ਬਰਾਬਰੀ ਦੀ ਗੱਲ ਨੂੰ ਮਹੱਤਵ ਦਿੱਤਾ ਗਿਆ ਹੈ ।

**ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥**
**ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥ਰਾਮਕਲੀ (ਮ: ੫)ਅੰਗ ੮੮੫**

**ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥ (ਪੰਨਾ ੮੮੫)**

ਗੁਰਬਾਣੀ ਦੇ ਚਾਨਣ ਨੂੰ ਵੰਡਦਿਆਂ ਇਹ ਵੀ ਦ੍ਰਿੜ੍ਹ ਕਰਵਾਇਆ ਗਿਆ ਕਿ ਥਿਥੀਆਂ, ਵਾਰਾਂ, ਵਰਤਾਂ, ਸ਼ਗਨਾਂ, ਅਪਸ਼ਗਨਾਂ, ਮਹੂਰਤਾਂ, ਕਰਵਾ ਚੌਥ ਅਤੇ ਮੜ੍ਹੀ ਮਸਾਣਾਂ ਤੇ ਮੂਰਤੀ ਪੂਜਾ ਤੋਂ ਦੂਰ ਰਹਿਣ ਵਿੱਚ ਹੀ 'ਉਸ' ਦੀ ਸੱਚੀ ਅਰਾਧਨਾ ਹੈ, "**ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥**" ਅਤੇ ਇਸ ਦੇ ਨਾਲ ਹੀ ਇਸਤਰੀ ਨੂੰ ਉੱਚਾ ਦਰਜਾ ਦਿੰਦਿਆਂ ਅੰਕਿਤ ਕੀਤਾ, "**ਸੋ ਕਿਉ ਮੰਦਾ ਆਖੀਐ ਜਿਤੁ**

**ਜੰਮਹਿ ਰਾਜਾਨ ॥"** ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰਖਦਿਆਂ ਹੀ ਨਾਮ ਬਾਣੀ ਨੂੰ ਸਰਵਉੱਚਤਾ ਦਿੱਤੀ ਗਈ ਅਤੇ ਇਸੇ ਕਰਕੇ ਹੀ ਹਰ ਰੋਜ਼ ਦੀ ਅਰਦਾਸ ਵਿੱਚ **"ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ-ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ"** ਦਾ ਰਟਣ ਕਰਕੇ 'ਉਸ' ਨੂੰ ਅੰਗ-ਸੰਗ ਵਸਦਾ ਮੰਨਿਆ ਜਾਂਦਾ ਹੈ ।

**ਧੰਨਵਾਦਿ ਸਾਹਿਤ ਵਿਚੋਂ :- ਵਿਸ਼ੇਸ਼ ਅੰਕ**
**300 ਸਾਲਾਂ ਗੁਰਤਾ ਗੱਦੀ ਦਿਵਸ**

## ਗੁਰਬਾਣੀ ਦੀ ਮਹਿਮਾ

**ਸੇਵਾ ਸਿੰਘ (ਸੰਤ)**

ਜਿਵੇਂ ਪ੍ਰਮੇਸ਼ਰ ਦੀ ਮਹਿਮਾਂ ਵਰਣਨ ਨਹੀਂ ਕੀਤੀ ਜਾ ਸਕਦੀ, ਤਿਵੇ ਪ੍ਰਭੂ ਸਰੂਪ ਗੁਰਬਾਣੀ ਦੀ ਮਹਿਮਾਂ ਵੀ ਅਪਰ-ਅਪਾਰ ਹੈ । ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰਬਾਣੀ ਮਹਿਮਾਂ ਵਰਣਨ ਕਰਦੇ ਹੋਏ ਗਉੜੀ ਰਾਗ ਵਿੱਚ ਫੁਰਮਾਨ ਕੀਤਾ ਹੈ ਕਿ ਗੁਰਬਾਣੀ ਸੱਚੇ ਪ੍ਰਭੂ ਦਾ ਹੁਕਮ ਹੋਣ ਕਰਕੇ ਪ੍ਰਮੇਸ਼ਰ ਦਾ ਆਪਣਾ ਸਰੂਪ ਹੈ । ਜਿਹੜਾ ਸਤਿ-ਸਰੂਪ ਗੁਰਬਾਣੀ ਨਾਲ ਸਾਂਝ ਪਾਏਗਾ ਉਸਦਾ ਸੰਪਰਕ ਸੱਚੇ ਪ੍ਰਭੂ ਨਾਲ ਜੁੜ ਜਾਵੇਗਾ :-

**ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥**
**ਗਉੜੀ ਕੀ ਵਾਰ:੧ (ਮਃ ੪) - ਅੰਗ ੩੦੪**

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਇਸ ਗੁਰਬਾਣੀ ਨੂੰ **"ਧੁਰ ਕੀ ਬਾਣੀ"** ਕਹਿ ਕੇ ਸਨਮਾਨਿਆ ਹੈ । ਜਿਹੜਾ ਇਸ ਅਚਿੰਤ ਦੇਸ਼ ਦੀ ਧੁਰ ਕੀ ਬਾਣੀ ਨਾਲ ਜੁੜ ਜਾਵੇਗਾ ਉਸਦੇ ਸਾਰੇ ਚਿੰਤਾ-ਝੋਰੇ ਦੂਰ ਹੋ ਜਾਣਗੇ । ਆਪ ਦਾ ਫੁਰਮਾਨ ਹੈ-

**ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ ॥ ਦਇਆਲ ਪੁਰਖ ਮਿਹਰਵਾਨਾ॥ ਹਰਿ ਨਾਨਕ ਸਾਚੁ ਵਖਾਨਾ॥੨॥੧੩॥੭੭॥**

**ਸੋਰਠਿ (ਮਃ ੫) - ਅੰਗ ੬੨੮**

ਇਸ ਗੁਰਬਾਣੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ **"ਖਸਮ ਕੀ ਬਾਣੀ"** ਕਹਿ ਕੇ ਸਤਕਾਰਿਆ ਹੈ:-

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥**
**ਤਿਲੰਗ (ਮਃ ੧) - ਅੰਗ ੭੨੨**

**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥**
**ਸੂਹੀ ਸੁਚਜੀ (ਮਃ ੧) - ਅੰਗ ੭੬੩**

ਗੁਰਬਾਣੀ ਪ੍ਰਥਾਇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ; ਹੇ ਜਗਿਆਸੂ ਜਨੋ ! ਪ੍ਰਮਾਤਮਾ ਜੋ ਅਥਾਹ ਸ਼ਕਤੀ ਦਾ ਮਾਲਕ ਹੈ। ਜੋ ਸਭ ਥਾਵਾਂ ਵਿੱਚ ਪਰੀਪੂਰਨ ਹੋ ਕੇ ਰਮਿਆ ਹੋਇਆ ਹੈ, ਉਸ ਮਹਾਨ ਸ਼ਕਤੀ ਦਾ ਹੁਕਮ (ਬਾਣੀ) ਵੀ ਸਭ ਥਾਈਂ ਪਰੀਪੂਰਨ ਹੈ। ਇਸ ਮਹਾਨ ਹੁਕਮ ਗੁਰਬਾਣੀ ਨੂੰ ਸਤਿਗੁਰੂ ਜੀ ਨੇ ਆਪ ਸੁਣਿਆ ਅਤੇ ਆਪ ਹੀ ਆਪਣੇ ਮੁਖਾਰਬਿੰਦ ਵਿੱਚੋਂ ਉਚਾਰਨ ਕੀਤਾ ਹੈ। ਜਿਨ੍ਹਾਂ-ਜਿਨ੍ਹਾਂ ਨੇ ਇਸ ਦਰਗਾਹੀ ਫੁਰਮਾਨ "ਗੁਰਬਾਣੀ" ਨੂੰ ਸੁਣਿਆ ਅਤੇ ਕਮਾਇਆ ਹੈ, ਉਨ੍ਹਾਂ ਦਾ ਨਿਸਤਾਰਾ ਹੋ ਗਿਆ ਹੈ। ਉਨ੍ਹਾਂ ਵਡਭਾਗੀਆਂ ਨੂੰ ਸਦੀਵ ਕਾਲ ਲਈ ਨਿਹਚੱਲ ਅਡੋਲਤਾ ਵਾਲੀ ਆਤਮਿਕ ਅਵਸਥਾ ਪ੍ਰਾਪਤ ਹੋ ਗਈ :-

**ਗੁਰ ਕੀ ਬਾਣੀ ਸਭ ਮਾਹਿ ਸਮਾਣੀ ॥ ਆਪਿ ਸੁਣੀ ਤੈ ਆਪਿ ਵਖਾਣੀ ॥**
**ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ ਤਿਨ ਪਾਇਆ ਨਿਹਚਲ ਥਾਨਾਂ ਹੇ ॥੮॥**
**ਮਾਰੂ ਸੋਲਹੇ (ਮ: ੫) - ਅੰਗ ੧੦੭੫**

**ਤਥਾ-**

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥**
**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥**
**ਰਾਮਕਲੀ ਓਅੰਕਾਰ (ਮ: ੧) - ਅੰਗ ੯੩੫**

ਸਤਿਗੁਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗਉੜੀ ਰਾਗ ਵਿੱਚ ਫੁਰਮਾਨ ਹੈ, ਸਾਧ ਸੰਗਤ ਜੀ। ਅਸੀਂ ਬੜੇ ਭਾਗਸ਼ਾਲੀ ਹਾਂ, ਜਿਨ੍ਹਾਂ ਪਾਸ ਰੱਬੀ ਗਿਆਨ ਦਾ ਅਮੋਲਕ ਭੰਡਾਰ ਮੌਜੂਦ ਹੈ। ਜਿਹੜਾ ਵੀ ਇਸ ਅਮੋਲਕ ਖਜ਼ਾਨੇ ਨਾਲ ਆਪਣੀ ਆਤਮ ਸਾਂਝ ਬਣਾ ਲਵੇਗਾ, ਉਹ ਸਹਿਜ ਸੁਭਾਅ ਹੀ ਪ੍ਰਭੂ ਦਾ ਵਸਲ ਪ੍ਰਾਪਤ ਕਰ ਲਵੇਗਾ। ਇਸ ਅਮੋਲਕ ਬ੍ਰਹਮ ਗਿਆਨ ਦੇ ਖਜ਼ਾਨੇ ਦਾ ਹੀਰੇ, ਜਵਾਹਰਾਤ, ਰਤਨਾਂ ਨਾਲ ਮੁੱਲ ਨਹੀਂ ਪਾਇਆ ਜਾ ਸਕਦਾ। ਸੰਸਾਰ ਦਾ ਧਨ ਜਿਉਂ-ਜਿਉਂ ਖ਼ਰਚੀਏ ਉਸ ਵਿੱਚ ਘਾਟਾ ਪੈਂਦਾ ਜਾਂਦਾ ਹੈ। ਪਰ ਇਹ ਗੁਰਬਾਣੀ ਦਾ ਖਜ਼ਾਨਾ ਅਮੁੱਕ ਤੇ ਅਖੁੱਟ ਹੈ। ਜਿਉਂ-ਜਿਉਂ ਇਸ ਨੂੰ ਵਰਤੋਂ ਇਸ ਵਿੱਚ ਤੋਟ ਨਹੀਂ ਆਉਂਦੀ, ਸਗੋਂ ਵਧਦਾ ਹੀ ਜਾਂਦਾ ਹੈ। ਪਰ ਇਸ ਅਮੋਲਕ ਖਜ਼ਾਨੇ ਤੋਂ ਭਾਗਾਂ ਵਾਲੇ ਹੀ ਲਾਹਾ ਪ੍ਰਾਪਤ ਕਰ ਸਕਦੇ ਹਨ। ਜਿਸ ਤੇ ਪ੍ਰਭੂ ਦੀ ਬਖਸ਼ਿਸ਼ ਹੁੰਦੀ ਹੈ ਉਹ ਗੁਰੂ ਪਿਆਰਾ ਹੀ ਇਸ ਅਮੋਲਕ ਖਜ਼ਾਨੇ ਦਾ ਭਾਈਵਾਲ ਬਣ ਕੇ ਆਤਮਿਕ ਲਾਹਾ ਪ੍ਰਾਪਤ ਕਰ ਸਕਦਾ ਹੈ। ਸਤਿਗੁਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਵਿੱਚ ਹੇਠ ਲਿਖੇ ਅਨੁਸਾਰ ਫੁਰਮਾਨ ਕੀਤਾ ਹੈ :-

**ਗਉੜੀ ਗੁਆਰੇਰੀ ਮਹਲਾ ੩ ॥ ਹਮ ਧਨਵੰਤ ਭਾਗਠ ਸਚ ਨਾਇ ॥**
**ਹਰਿ ਗੁਣ ਗਾਵਹ ਸਹਜਿ ਸੁਭਾਇ ॥੧॥ ਰਹਾਉ ॥ ਗਉੜੀ (ਮ: ੫) ੧੮੫**

ਪੀਉ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ ॥੧॥ ਗਉੜੀ (ਮਃ ੫) - ਅੰਗ ੧੮੬

ਰਤਨ ਲਾਲ ਜਾ ਕਾ ਕਛੂ ਨ ਮੋਲੁ ॥
ਭਰੇ ਭੰਡਾਰ ਅਖੂਟ ਅਤੋਲ ॥੨॥ ਗਉੜੀ (ਮਃ ੫) - ਅੰਗ ੧੮੬

ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥੩॥ ਗਉੜੀ (ਮਃ ੫) - ਅੰਗ ੧੮੬

ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥
ਸੁ ਏਤੁ ਖਜਾਨੈ ਲਇਆ ਰਲਾਇ ॥੪॥੩੧॥੧੦੦॥
ਗਉੜੀ (ਮਃ ੫) - ਅੰਗ ੧੮੬

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀ, ਗੁਰਮਤ ਦੀ ਪੂਰਨ ਕਮਾਈ ਕਰਕੇ ਗੁਰੂ ਵਿੱਚ ਪੂਰਨ ਅਭੇਦਤਾ ਨੂੰ ਪ੍ਰਾਪਤ ਕਰਨ ਵਾਲੇ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਗੁਰਬਾਣੀ ਦੀ ਮਹਾਨਤਾ ਨੂੰ ਦਰਸਾਉਣ ਲਈ ਅਨੇਕਾਂ ਪਉੜੀਆਂ, ਸਵਈਏ, ਆਪਣੀ ਬਾਣੀ ਵਿੱਚ ਰਚੇ ਹਨ। ਉਨ੍ਹਾਂ ਵਿੱਚੋਂ ਕੇਵਲ ਇੱਕ ਸਵਈਏ ਨੂੰ ਵਾਚੀਏ, ਗੁਰਬਾਣੀ ਦੀ ਮਹਾਨਤਾ ਦਾ ਪਤਾ ਚਲ ਜਾਵੇਗਾ। ਗੁਰਬਾਣੀ ਦੀ ਮਹਾਨਤਾ ਦਰਸਾਉਣ ਤੋਂ ਪਹਿਲਾ ਭਾਈ ਸਾਹਿਬ ਜੀ ਨੇ ਸੰਸਾਰਕ ਤਿੰਨ ਉਦਾਹਰਨਾਂ ਦਿੱਤੀਆਂ ਹਨ। ਪਹਿਲੀ ਉਦਾਹਰਣ ਦਿੱਤੀ ਹੈ ਕਿ ਜਿਸ ਤਰ੍ਹਾਂ ਸਮੁੰਦਰਾਂ ਵਿੱਚ ਬਿਅੰਤ, ਹੀਰੇ, ਰਤਨ, ਜਵਾਹਰਾਤ, ਸੁਚੇ ਮੋਤੀਆਂ ਦੇ ਭੰਡਾਰ ਭਰੇ ਪਏ ਹਨ ਪਰ ਸਮੁੰਦਰ ਦੀ ਦੌਲਤ ਸਮੁੰਦਰ ਵਿੱਚ ਡੂੰਘੀਆਂ ਚੁਭੀਆਂ ਲਾਉਣ ਵਾਲੇ ਮਰਜੀਵੜਿਆਂ ਨੂੰ ਹੀ ਪ੍ਰਾਪਤ ਹੁੰਦੀ ਹੈ।

ਸਮੁੰਦਰ ਦੀ ਤਰ੍ਹਾਂ ਪਹਾੜਾਂ ਵਿੱਚ ਵੀ ਬੜੇ ਕੀਮਤੀ ਹੀਰੇ ਰਤਨ, ਜਵਾਹਰਾਤ, ਨੀਲਮ, ਪੰਨੇ, ਸੋਨਾ, ਚਾਂਦੀ ਅਤੇ ਪਾਰਸ ਪੱਥਰ ਹਨ ਪਰ ਪਹਾੜਾਂ ਦੀ ਦੌਲਤ ਖਾਣਾਂ ਖੋਦਣ ਵਾਲੇ ਮਿਹਨਤੀ ਲੋਕਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਜਿਥੇ ਖਾਣਾਂ ਦੀ ਖੁਦਾਈ ਕਰਨ ਵਾਲੇ ਦੌਲਤ ਪ੍ਰਾਪਤ ਕਰਦੇ ਹਨ,ਉਥੇ ਰਤਨਾਂ ਦੀ ਸੋਭਾ ਸੰਸਾਰ ਵਿੱਚ ਪ੍ਰਗਟ ਕਰਦੇ ਹਨ।

ਪਹਾੜਾਂ ਅਤੇ ਸਮੁੰਦਰਾਂ ਦੀ ਤਰ੍ਹਾਂ ਜੰਗਲ ਵੀ ਅਮੋਲਕ ਦੌਲਤ ਦੇ ਭੰਡਾਰ ਹਨ। ਜੰਗਲਾਂ ਵਿੱਚ ਚੰਦਨ, ਸੌਧਾ ਕਪੂਰ ਵਰਗੇ ਸੁਗੰਧਤ ਬੂਟੇ ਅਤੇ ਕੀਮਤੀ ਜੜੀ-ਬੂਟੀਆਂ ਮੌਜੂਦ ਹਨ, ਪਰ ਗਾਂਧੀ ਅਤਾਰ ਲੋਕ ਹੀ ਉਨ੍ਹਾਂ ਨੂੰ ਪ੍ਰਾਪਤ ਕਰਕੇ ਜਿਥੇ ਦੌਲਤ ਪ੍ਰਾਪਤ ਕਰਦੇ ਹਨ ਉਥੇ ਸੁਗੰਧਤ ਅਤਰਾਂ ਦੁਆਰਾ ਸੰਸਾਰ ਨੂੰ ਸੁਗੰਧੀ ਵੰਡਦੇ ਹਨ।

ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਲੋਕ, ਪ੍ਰਲੋਕ ਦੇ ਰੂਹਾਨੀਅਤ ਖਜ਼ਾਨੇ ਭਰੇ ਪਏ ਹਨ। ਗੁਰਬਾਣੀ ਧਰਮ, ਅਰਥ, ਕਾਮ, ਮੋਖ ਦੀ ਦਾਤੀ ਹੈ। ਗੁਰਬਾਣੀ ਦੇ ਅਮੋਲਕ ਖਜ਼ਾਨੇ ਦਾ ਲਾਹਾ ਉਨ੍ਹਾਂ ਗੁਰੂ ਪਿਆਰਿਆਂ ਨੂੰ ਹੀ ਪ੍ਰਾਪਤ ਹੁੰਦਾ

ਜੋ ਗੁਰਬਾਣੀ ਦੇ ਅਮੋਲਕ ਖਜ਼ਾਨੇ ਨੂੰ ਖੋਜਦੇ, ਵੀਚਾਰਦੇ ਤੇ ਇਸ ਗੁਰਬਾਣੀ ਤੇ ਅਮਲ ਕਰਦੇ ਹਨ। ਆਪ ਜੀ ਦਾ ਫਰਮਾਨ ਹੈ :-

**ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ**
**ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਹੀ।**
**ਜੈਸੇ ਪਰਬਤ ਹੀਰਾ ਮਾਨਕ ਪਾਰਸ ਸਿਧ**
**ਖਨਵਾਰਾ ਖਨਿ ਜਗਿ ਵਿਖੇ ਪ੍ਰਗਟਾਵਹੀ।**
**ਜੈਸੇ ਬਨ ਬਿਖੈ ਮਲਿਆਗਰ ਸੌਧਾ ਕਪੂਰ,**
**ਸੋਧ ਕੈ ਸੁਬਾਸੀ ਸੁਬਾਸ ਬਿਹਸਾਵਈ ॥**
**ਤੈਸੇ ਗੁਰਬਾਨੀ ਬਿਖੈ ਸਕਲ ਪਦਾਰਥ ਹੈ,**
**ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ – : ਕਬਿੱਤ ੫੪੬**

ਗੁਰਬਾਣੀ ਗੁਰੂ ਦਾ ਹੀ ਅਸਲੀ ਰੂਪ ਹੈ ਪਰ ਲੋੜ ਹੈ ਗੁਰਬਾਣੀ ਹੁਕਮਾਂ ਨੂੰ ਜੀਵਨ ਵਿੱਚ ਧਾਰਨ ਕਰਨ ਦੀ। ਜੋ ਗੁਰੂ ਹੁਕਮਾਂ ਦੇ ਧਾਰਨੀ ਬਣ ਜਾਂਦੇ ਹਨ, ਉਹ ਆਪਣਾ ਲੋਕ ਸੁਖੀ ਪ੍ਰਲੋਕ ਸੁਹੇਲਾ ਕਰ ਲੈਂਦੇ ਹਨ।

**ਧੰਨਵਾਦਿ ਸਾਹਿਤ ਵਿਚੋਂ :- ਗੁਰੂ ਗ੍ਰੰਥ ਸਾਹਿਬ ਦਰਸ਼ਨ**

## ਸਤਿਸੰਗਤਿ ਮਿਲਿ ਰਹੀਐ ਮਾਧਉ

ਬਲਵਿੰਦਰ ਸਿੰਘ 'ਸਾ.ਗਰ'

ਮਨੁੱਖ ਮੁਢ-ਕਦੀਮ ਤੋਂ ਇੱਕ ਸਮਾਜਕ ਪ੍ਰਾਣੀ ਹੈ। ਸਮਾਜ ਮਨੁੱਖ ਦੀ ਮੁੱਢਲੀ ਲੋੜ ਹੈ। ਜਦੋਂ ਮਨੁਖਤਾ ਪੂਰੀ ਵਿਕਸਤ ਨਹੀਂ ਸੀ ਹੋਈ ਅਤੇ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ ਉਸ ਸਮੇਂ ਵੀ ਮਨੁੱਖ ਝੁੰਡ ਬਣਾ ਕੇ ਇੱਕਠੇ ਸਮੂਹ 'ਚ' ਰਹਿੰਦੇ ਸਨ। ਇਹੀ ਸਮੂਹ ਬਾਦ ਵਿੱਚ ਕਬੀਲੇ ਬਣੇ। ਕਬੀਲਿਆਂ ਦੇ ਵਿਕਾਸ ਨਾਲ ਅੱਜ ਤੱਕ ਦੇ ਸਮਾਜ ਦਾ ਸਫਰ ਹੋਇਆ। ਸੰਗਤਿ ਮਨੁਖੀ ਲੋੜ ਦਾ ਹੀ ਨਤੀਜਾ ਹੈ। ਇਹ ਪਰਵਿਰਤੀ ਪਸ਼ੂਆਂ ਤੇ ਪਰਿੰਦਿਆਂ ਵਿੱਚ ਵੀ ਹੈ। ਜੀਵਨ ਦੀਆਂ ਰੋਜ਼ ਮਰ੍ਹਾ ਦੀਆਂ ਲੋੜਾਂ ਵੀ ਸਮਾਜਕ ਸਥਾਪਤੀ ਬਿਨਾਂ ਪੂਰੀਆਂ ਨਹੀਂ ਹੋ ਸਕਦੀਆਂ। ਸੋ ਮਨੁੱਖ ਲਈ ਮਨੁੱਖੀ ਸਾਂਝ, ਸੰਪਰਕ , ਸੰਗਤਿ ਅਤੇ ਸਾਥ ਅਤਿ ਜ਼ਰੂਰੀ ਹੈ।

**ਅਜੋਕਾ ਸਮਾਜ ਵਡ-ਆਕਾਰੀ ਹੈ। ਸਾਰੀ ਦੁਨੀਆ ਇੱਕ ਸਮਾਜ ਹੈ। ਮਨੁੱਖ ਕੋਲ ਸੰਪਰਕ, ਸਾਥ ਅਤੇ ਸਾਂਝ ਲਈ** ਵਿਆਪਕ Choice ਹੈ। ਗੁਰਸਿਖੀ ਵਿੱਚ ਇਸ ਸੰਪਰਕ ਸਾਥ ਅਤੇ ਸਾਂਝ ਨੂੰ ਸੰਗਿ, ਸੰਗਤ ਦਾ ਨਾਮ ਦਿੱਤਾ ਗਿਆ।

ਸਿਖੀ ਵਿੱਚ ਸੰਗਤਿ ਨੂੰ ਸਵੀਕਾਰਿਆ ਹੀ ਨਹੀਂ ਗਿਆ ਬਲਕਿ ਇਸ ਦੀ ਵੱਡੀ ਮਹਾਨਤਾ ਦੱਸੀ ਹੈ। ਗੁਰਬਾਣੀ ਵਿਚ ਸੰਗਤਿ ਦੇ ਰੂਪ ਦਰਸਾਏ ਗਏ ਹਨ। ਇੱਕ ਹੈ

ਸਤਿਸੰਗਤ ਦੂਸਰੀ ਹੈ ਕੁਸੰਗਤਿ । ਦੋਵਾਂ ਦਾ ਜ਼ਿਕਰ ਗੁਰਬਾਣੀ ਵਿੱਚ ਬਹੁਤ ਵਾਰ ਆਉਂਦਾ ਹੈ । ਦੋਵਾਂ ਦੇ ਵਖਰੇ ਵਖਰੇ ਫਲਾਂ ਦਾ ਜ਼ਿਕਰ ਵੀ ਗੁਰਬਾਣੀ ਵਿੱਚ ਦਰਜ ਹੈ । ਮਨੁਖ ਨੇ ਕੈਸੀ ਸੰਗਤਿ , ਕਿਸ ਦੀ ਸੰਗਤਿ ਕਰਨੀ ਹੈ, ਇਹ ਉਸਦੀ ਮਰਜ਼ੀ ਹੈ । ਜੈਸੀ ਸੰਗਤਿ ਕਰੇਗਾ ਤੈਸਾ ਫਲ ਪਾਏਗਾ । ਭਗਤ ਕਬਰਿ ਜੀ ਦਾ ਫੁਰਮਾਣ ਹੈ

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥੮੬॥
ਸਲੋਕ ਕਬੀਰ ਜੀ - ਅੰਗ ੧

ਇਕ ਸੰਗਤਿ ਐਸੇ ਵਿਅਕਤੀ ਦੀ ਹੈ ਜੋ ਉਤਮ ਵਿਚਾਰੀ ਅਤੇ ਉਤਮ ਆਚਾਰੀ ਹੋਵੇ,ਐਸੀ ਸੰਗਤਿ ਸਾਨੂੰ ਸਚਿਆਰ ਬਣਾ ਦਿੰਦੀ ਹੈ । ਸਾਡਾ ਜੀਵਨ ਸਚ ਨਾਲ ਭਰਪੂਰ, ਰੌਸ਼ਨ, ਆਨੰਦਮਈ ਅਤੇ ਸੁਖੀ ਹੋ ਜਾਂਦਾ ਹੈ । ਜਦ ਕਿ ਕੂੜਿਆਰ ਦੀ ਸੰਗਤਿ ਮਨੁੱਖ ਦੀ ਸੋਚ ਗਲਤ ਪਾਸੇ ਲਿਜਾ ਕੇ ਜੀਵਨ ਹਨੇਰਾ ਅਤੇ ਗੁਨਾਹ ਭਰਪੂਰ ਬਣਾ ਦਿੰਦੀ ਹੈ ।

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥੮੮॥
ਸਲੋਕ (ਭ. ਕਬੀਰ) - ਅੰਗ ੧੩੬੯

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥੧੩੧॥
ਸਲੋਕ (ਭ. ਕਬੀਰ) - ਅੰਗ ੧੩੭੧

ਕਬੀਰ ਜੀ ਸਾਨੂੰ ਉਦਾਹਰਣਾ ਦੇ ਕੇ ਸਮਝਾ ਰਹੇ ਹਨ ਕਿ ਹੇ ਮਨੁਖ ; ਮਾੜੀ ਸੰਗਤਿ ਨਾਲ ਤੇਰਾ ਉਹੀ ਹਾਲ ਹੋਵੇਗਾ ਜੋ ਉਸ ਕੇਲੇ ਦੇ ਕੋਮਲ ਪਤਿਆਂ ਵਾਲੇ ਦਰਖਤ ਨਾਲ ਹੁੰਦਾ ਹੈ ਜੋ ਬੇਰੀ ਦੇ ਦਰਖਤ ਦੇ ਨੇੜੇ ਹੁੰਦਾ ਹੈ । ਜਦੋ ਕੇਲੇ ਦੇ ਪਤੇ ਝੂਮ ਕੇ ਬੇਰੀ ਦੇ ਨੇੜੇ ਜਾਂਦੇ ਹਨ ਉਹ ਬੇਰੀ ਨਾਲ ਛੂਹੰਦਿਆਂ ਹੀ ਚੀਰੇ ਜਾਂਦੇ ਹਨ ।

ਦੂਸਰੀ ਅਤਿ ਸੁੰਦਰ ਮਿਸਾਲ ਹੈ ਕਾਲੇ ਭਾਂਡੇ ਦੀ । ਆਪ ਸਮਝਾਉਂਦੇ ਹਨ ਕਿ ਸਾਕਤ ਦੀ ਸੰਗਤ ਮਨੁਖ ਨੂੰ ਉਸੇ ਤਰ੍ਹਾ ਦਾਗ਼ੀ ਕਰ ਦਿੰਦੀ ਹੈ ਜਿਵੇਂ ਕਿ ਕਾਲਖ ਵਾਲਾ ਬਰਤਨ । ਲਖ ਬਚਾਉਣ ਦੇ ਬਾਵਜੂਦ ਵੀ , ਇਸਦੇ ਨੇੜੇ ਜਾਂਦਿਆਂ ਦਾਮਨ ਤੇ ਕਾਲਖ ਲਗ ਜਾਂਦੀ ਹੈ । ਬੁਰੀ ਸੋਚ ਵਾਲੇ ਦੀ ਸੰਗਤ ਨਾਲ ਬੁਰੇ ਫਲ ਮਿਲਦੇ ਹਨ ।

ਭੈੜੀ ਸੰਗਤਿ ਮਨੁੱਖ ਨੂੰ ਵਿਕਾਰਾਂ ਵਲ ਲੈ ਜਾਂਦੀ ਹੈ । ਬੁਰੇ ਮਨੁੱਖ ਦੀ ਸੰਗਤਿ ਵਿੱਚ ਮਨੁੱਖ ਦੀ ਸੋਚ ਮਲੀਣ ਹੋ ਜਾਂਦੀ ਹੈ । ਜਦੋਂ ਸੋਚ ਮੰਦੀ ਹੋ ਜਾਏ ਤਾਂ ਕਰਮ ਆਪਣੇ ਆਪ ਹੀ ਮੰਦੇ ਹੋ ਜਾਂਦੇ ਹਨ । ਨਤੀਜਾ ਵੀ ਮੰਦਾ ਹੋ ਜਾਂਦਾ ਹੈ । ਫਿਰ ਮੰਦੇ ਕਰਮਾਂ ਕਰਕੇ ਇਨਸਾਨ ਦਾ ਹਾਲ ਵੀ ਬੁਰਾ ਹੋ ਜਾਂਦਾ ਹੈ । ਮਨੁੱਖ ਦੁਰਾਚਾਰੀ, ਵਿਭਚਾਰੀ, ਜ਼ਾਲਿਮ,

ਅਕ੍ਰਿਤਘਣ ਅਤੇ ਐਬੀ ਹੋ ਜਾਂਦਾ ਹੈ । ਜਿਥੇ ਉਹ ਆਪਣਾ ਨੁਕਸਾਨ ਕਰਦਾ ਹੈ ਉਥੇ ਪਰਿਵਾਰ ਅਤੇ ਸਮੁਚੇ ਸਮਾਜ ਦਾ ਵਡਾ ਨੁਕਸਾਨ ਕਰਦਾ ਹੈ । ਇਸ ਕਾਰਣ ਆਪਣਾ ਕੀਮਤੀ ਮਨੁੱਖਾ ਜਨਮ ਹੀ ਬਰਬਾਦ ਨਹੀਂ ਕਰਦਾ ਬਲਕਿ ਖੁਦ ਦੁੱਖ ਭੋਗਦਾ ਹੈ ਅਤੇ ਦੂਜਿਆਂ ਨੂੰ ਦੁਖੀ ਕਰਦਾ ਹੈ ।

ਹੁਣ ਸੋਚਣਾ ਇਹ ਹੈ ਕਿ ਕੀ ਅਸੀ ਕੁਸੰਗਤਿ ਵਿੱਚ ਫਸ ਕੇ ਬੁਰੇ ਬਣਨਾ ਹੈ ਫਿਰ ਕਿਸੇ ਸਚਿਆਰ ਦੀ ਸੰਗਤਿ ਕਰਕੇ ਆਪਣਾ ਜੀਵਨ ਸਫਲ ਕਰਨਾ ਹੈ । ਖੁਦ ਸੁਖੀ ਹੋ ਕੇ ਦੂਜਿਆਂ ਨੂੰ ਸੁੱਖ ਦੇਣਾ ਹੈ ਜਾਂ ਇਸਦੇ ਉਲਟ ਜਾਣਾ ਹੈ । ਕੀ ਅਸੀਂ ਖੁਦ ਨੂੰ ਸੰਵਾਰ ਕੇ ਆਪਣਾ ਪਰਿਵਾਰ ਅਤੇ ਸਮਾਜ ਸੰਵਾਰਨਾ ਹੈ ਜਾਂ ਸਮਾਜ ਅਤੇ ਪਰਿਵਾਰ ਦਾ ਭਾਰੀ ਨੁਕਸਾਨ ਕਰਨਾ ਹੈ ।

ਯਕੀਨਨ ਮਨ ਕਰੇਗਾ ਕਿ ਗੁਰੂ ਦੇ ਹੁਕਮ ਅਨੁਸਾਰ ਹਮੇਸ਼ਾ ਸਤਿਪੁਰਖਾਂ ਦੀ ਸੰਗਤ ਕੀਤੀ ਜਾਵੇ । ਸਚਿਆਰ ਬਣ ਕੇ ਆਪਣਾ-ਆਪ ,ਪਰਿਵਾਰ ਅਤੇ ਸਮਾਜ ਬੇਹਤਰੀਨ ਕੀਤਾ ਜਾਵੇ । ਸਿਖਾਂ ਲਈ ਤਾਂ ਗੁਰੂ ਦਾ ਵਿਸ਼ੇਸ਼ ਹੁਕਮ ਹੈ ਕਿ ਸਤਿਸੰਗਤਿ ਹੀ ਕਰਨੀ ਹੈ ।ਸਤਿਸੰਗਤਿ ਦੀ ਬੇਅੰਤ ਮਹਿਮਾ ਗੁਰਬਾਣੀ ਵਿੱਚ ਦਰਜ ਹੈ । ਧੰਨ ਗੁਰੁ ਨਾਨਕ ਪਿਤਾ ਦਾ ਫੁਰਮਾਣ ਹੈ ;

**ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥**
**ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥**
**ਸਿਰੀਰਾਗੁ (ਮਃ ੧) - ਅੰਗ ੭੨**

ਊਤਮ ਸੰਗਤਿ ਊਤਮੁ ਹੋਵੈ ॥ ਗੁਣ ਕਉ ਧਾਵੈ ਅਵਗਣ ਧੋਵੈ।
ਆਸਾ ਮਃ ੧-ਅੰਗ ੪੧੪

ਭਗਤ ਕਬੀਰ ਜੀ ਦੇ ਮਹਾਂ-ਬੋਲ ਹਨ ;

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥੧੧॥
ਸਲੋਕ (ਭ. ਕਬੀਰ) ਅੰਗ ੧੩੬੫

ਇਸੇ ਤਰ੍ਹਾਂ ਭਗਤ ਰਵਿਦਾਸ ਜੀ ਦਾ ਫੁਰਮਾਣ ਹੈ:

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ।
ਆਸਾ ਰਵਿਦਾਸ ਜੀ- ਅੰਗ ੪੮੬

ਭਾਵ ਕਿ ਅਵਗੁਣਾ ਦਾ ਨਾਸ਼ ਹੋਣ ਨਾਲ ਹੀ ਸਚ ਦਾ ਪ੍ਰਕਾਸ਼ ਹੋਵੇਗਾ ।ਮਨ ਸਤ ,ਚਿਤਿ ਆਨੰਦ ਦੀ ਪ੍ਰਾਪਤੀ ਕਰੇਗਾ ।ਹਰ ਉਹ ਮਨੁਖ ਜਿਸਦੇ ਮਿਲਿਆਂ ਨਿਰੰਕਾਰ ਚਿਤਿ ਆਵੇ

ਉਸਦੀ ਸੰਗਤ ਸਤਿਸੰਗਤ ਹੈ। ਅਸੀਂ ਰੋਜ਼ ਅਕਾਲ ਪੁਰਖ ਜੀ ਅਗੇ ਅਰਦਾਸ ਕਰਦੇ ਹਾਂ ਕਿ ਸਾਨੂੰ ਉਨ੍ਹਾਂ ਦੀ ਸੰਗਤ ਬਖਸ਼ੋ ਜਿਨ੍ਹਾਂ ਮਿਲਿਆਂ ਵਾਹਿਗੁਰੂ ਜੀ ਦਾ ਨਾਮ ਚਿਤਿ ਆਵੇ। ਕਿਉਂਕਿ ਨਾਮ ਚਿਤ ਆਉਣ ਸਦਕਾ ਹੀ ਸਾਰੇ ਸੁਖਾਂ ਅਤੇ ਪਰਮ ਆਨੰਦ ਦੀ ਪ੍ਰਾਪਤੀ ਹੋਵੇਗੀ। ਗੁਰਬਾਣੀ ਵਿਚ ਅਨੇਕਾਂ ਬਾਰ ਸਤਿਸੰਗਤ ਦੀ ਮਹਿਮਾਂ ਬਿਆਨ ਕੀਤੀ ਗਈ ਹੈ। ਸੰਗਤ ਨੂਰ ਹੈ, ਬੈਕੁੰਠ ਹੈ, ਜੀਵਨ ਮੁਕਤੀ ਦਾ ਸਾਧਨ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਉਪਰੋਕਤ ਵਿਚਾਰਾਂ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਉਦਾਹਰਣਾ ਸਹਿਤ ਸਾਨੂੰ ਸਮਝਾਇਆ ਹੈ।ਆਪ ਜੀ ਦਾ ਬਚਨ ਹੈ:

ਕਾਹੂ ਦਸਾ ਕੇ ਪਵਨ ਗਵਨ ਕੈ ਬਰਖਾ ਹੈ
ਕਾਹੂ ਦਸਾ ਕੇ ਪਵਨ ਬਾਦਰ ਬਿਲਾਤ ਹੈ।
ਕਾਹੂ ਜਲ ਪਾਨ ਕੀਏ ਰਹਤ ਅਰੋਗ ਦੋਹੀ
ਕਾਹੂ ਜਲ ਪਾਨ ਬਿਆਪੇ ਬ੍ਰਿਥਾ ਬਿਲਲਾਤ ਹੈ।
ਕਾਹੂ ਗ੍ਰਿਹ ਕੀ ਅਗਨਿ ਪਾਕ ਸਾਕ ਸਿਧ ਕਰੈ,
ਕਾਹੂ ਗ੍ਰਿਹ ਕੀ ਅਗਨਿ ਭਵਨ ਜਰਾਤ ਹੈ।
ਕਾਹੂ ਕੀ ਸੰਗਤਿ ਮਿਲਿ ਜੀਵਨ ਮੁਕਤਿ ਹੋਇ,
ਕਾਹੂ ਕੀ ਸੰਗਤਿ ਮਿਲਿ ਜਮਪੁਰਿ ਜਾਤ ਹੈ।

ਆਓ ਗੁਰੂ ਦੀ ਗੱਲ ਮੰਨੀਏ। ਗੁਰਮੁਖਾਂ ਦੀ ਸੰਗਤਿ ਕਰੀਏ। ਤਾਂ ਕਿ ਸਾਡੀ ਸੋਚ ਬਦਲੇ। ਗੁਰੂ ਕਿਰਪਾ ਸਦਕਾ ਸਾਡਾ ਜੀਵਨ ਬਦਲੇ। ਸਾਡੀ ਰਹਿਣੀ, ਬਹਿਣੀ, ਕਥਨੀ -ਕਰਨੀ ਪੁਰਾਤਨ ਸਿੱਖਾਂ ਵਾਲੀ ਬਣ ਜਾਵੇ। ਸਿਖਾਂ ਦਾ ਕਿਰਦਾਰ ਦੁਨੀਆਂ ਭਰ ਲਈ ਮਿਸਾਲ ਬਣ ਜਾਵੇ। ਅਸੀ ਖੁਦ ਸੁਖੀ ਹੋਈਏ, ਪਰਿਵਾਰ ਅਤੇ ਸਮਾਜ 'ਚ' ਸਾਨੂੰ ਪਿਆਰ, ਸਤਿਕਾਰ ਅਤੇ ਸੁੱਖ ਮਿਲੇ।

## ਗੁਰਬਾਣੀ ਅਨੁਸਾਰ ਅਮ੍ਰਿਤ ਵੇਲੇ ਦਾ ਸੰਕਲਪ

ਗੁਰਬਾਣੀ ਸੰਕਲਪ

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ਜਪੁ (ਮਃ ੧) - ਅੰਗ ੨

ਗੁਰਬਾਣੀ ਸਾਨੂੰ ਸਵਾਸ ਸਵਾਸ ਅਕਾਲਪੁਰਖ ਦਾ ਨਾਮ ਸਿਮਰਨ ਦੀ ਹਦਾਇਤ ਕਰਦੀ ਹੈ। ਕੋਈ ਵੀ ਪਲ ਪ੍ਰਭੂ ਦੀ ਯਾਦ ਤੋਂ ਬਿਨਾਂ ਵਿਅਰਥ ਕਰ ਦੇਣਾ ਮਨੁੱਖੀ ਮਨ ਦੀਆਂ ਪ੍ਰਾਪਤੀਆਂ ਦੇ ਪ੍ਰਤੀਕੂਲ ਕਰਮ ਹੈ ਜਿਸ ਦੀ ਕੋਈ ਸਿਫਤ ਨਹੀਂ, ਸਲਾਹ ਨਹੀਂ ਤੇ ਨਾ ਹੀ ਮਹੱਤਤਾ ਹੈ। ਇਸ ਜਿੰਦੜੀ ਨੂੰ ਖਿੰਨ ਖਿੰਨ ਪਲ ਪਲ ਵਾਹਿਗੁਰੂ ਦਾ ਨਾਮ ਧਿਆਉਣ ਤੇ ਅਰਾਧਣ ਦਾ ਉਪਦੇਸ਼ ਹੈ। ਦੁਨੀਆ ਦੇ ਕਾਰੋਬਾਰ ਕਰਦਿਆਂ ਹੋਇਆਂ ਵੀ

ਮਨ ਦੇ ਵੇਗਾਂ ਨੂੰ ਵਸ ਵਿੱਚ ਕਰਦਿਆਂ ਹੋਇਆਂ ਲਿਵ ਉਸ ਪ੍ਰਮਾਤਮਾ ਨਾਲ ਜੋੜਨ ਦੀ ਬੰਦਸ਼ ਹੈ । ਅਵਰ ਕਾਜ ਕਿਸੇ ਲੇਖੇ ਨਹੀਂ ਬਸ ਜੋ ਲੇਖੇ ਲਿਖਣ ਜੋਗਾ ਹੈ ਉਹ ਹਰ ਵਕਤ ਨਾਮ ਦਾ ਭਜਣਾ ਹੀ ਹੈ । ਇਸ ਸੰਖੇਪ ਜਹੀ ਚਰਚਾ ਦਾ ਸਾਰੰਸ਼ ਇਹੀ ਹੈ ਕਿ ਪ੍ਰਮਾਤਮਾ ਦਾ ਨਾਮ ਲੈਣਾ ਕੋਈ ਖੰਡ ਖੰਡ ਕਰਮ ਨਹੀਂ ਹੈ ਇਹ ਤਾਂ ਸਵਾਸ ਅੰਦਰ ਜਾਣ ਤੋਂ ਲੈ ਕੇ ਸਵਾਸ ਬਾਹਰ ਆਉਣ ਤੱਕ ਦੀ ਕਿਰਿਆ ਦਾ ਅਨਿਖੜਵਾਂ ਅੰਗ ਹੈ । ਇਤਨਾ ਕੁਝ ਹੋਣ ਦੇ ਬਾਵਜੂਦ ਵੀ ਗੁਰਬਾਣੀ ਵਿੱਚ ਕਿਸੇ ਖਾਸ ਸਮੇਂ ਨਾਮ ਜਪਣ ਦੀ ਮਹਿਮਾ ਦਾ ਪ੍ਰਭਾਵਸ਼ਾਲੀ ਵਰਨਣ ਹੈ ਅਤੇ ਇਹ ਖਾਸ ਸਮਾਂ ਹੈ ਅੰਮ੍ਰਿਤ ਵੇਲਾ, ਪ੍ਰਭਾਤ ਦੇ ਪਹਿਰ, ਪ੍ਰਾਤਾਕਾਲ, ਸਰਗੀ ਦਾ ਸਮਾਂ ਜਾਂ ਬ੍ਰਹਮ ਦੀ ਘੜੀ ਜੋ ਪ੍ਰਾਤਾਕਾਲ ਤਿੰਨ ਕੁ ਵਜੇ ਤੋਂ ਪ੍ਰਾਰੰਭ ਹੋ ਕੇ ਪਹੁਫੁਟਾਲੇ ਤੱਕ ਰਹਿੰਦੀ ਹੈ ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿਚ ਫਰਮਾਣ ਕਰਦੇ ਹਨ ਕਿ ਇਹ 'ਅਮ੍ਰਿਤ ਵੇਲਾ', ਸੱਚੇ ਪ੍ਰਮਾਤਮਾ ਦੀ ਅਰਾਧਨਾ, ਸਿਮਰਨ, ਯਾਦ, ਉਪਾਸਨਾ ਜਾਂ ਵਿਚਾਰ ਲਈ ਅਤੀ ਉਤਮ ਸਮਾਂ ਹੈ । ਸਾਰੇ ਰਿਸ਼ੀ, ਮੁਨੀ ਭਗਤ, ਦਰਵੇਸ਼, ਪੀਰ ਪੈਗ਼ੰਬਰ ਇਸ ਵੇਲੇ ਨੂੰ ਪ੍ਰਭੂ ਅਰਾਧਨਾ ਵਿੱਚ ਗੁਜ਼ਾਰਨ ਵਿੱਚ ਹੀ ਆਨੰਦ ਮਹਿਸੂਸ ਕਰਦੇ ਹਨ ਅਤੇ ਸੌਂ ਕੇ ਇਨ੍ਹਾਂ ਬਹੁ-ਮੁਲੀਆਂ ਅੰਮ੍ਰਿਤ ਭਿਜੀਆ ਘੜੀਆਂ ਨੂੰ ਅਜਾਈਂ ਨਹੀਂ ਜਾਣ ਦਿੰਦੇ ਸਗੋਂ ਇਕ ਚਿਤ ਹੋ ਕੇ ਅਕਾਲ ਉਸਤਤ ਵਿੱਚ ਲੱਗ ਜਾਂਦੇ ਹਨ ।

ਸਿਹਤ ਵਿਗਿਆਨੀਆਂ, ਸਮਾਜ ਵਿਗਿਆਨੀਆਂ ਤੇ ਮਨੋਵਿਗਿਆਨੀਆਂ ਨੇ ਵੀ ਮਨੁੱਖੀ ਜੀਵਨ ਦੇ ਸਮਿਆਂ ਦਾ ਆਪਣੇ ਆਪਣੇ ਢੰਗਾਂ ਨਾਲ ਵਿਸ਼ਲੇਸ਼ਣ ਕਰ ਕੇ ਇਹੀ ਸਿੱਟਾ ਕੱਢਿਆ ਹੈ ਕਿ ਅੰਮ੍ਰਿਤ ਵੇਲਾ ਐਸਾ ਵੇਲਾ ਹੈ ਜਿਸ ਸਮੇਂ ਮਨ ਸ਼ਾਂਤ ਹੁੰਦਾ ਹੈ, ਸਰੀਰ ਸਡੌਲ ਤਨਾਓ ਰਹਿਤ ਤੇ ਰਿਸ਼ਟ ਪੁਸ਼ਟ ਹੁੰਦਾ ਹੈ ਅਤੇ ਆਤਮਾ ਸਵੱਛ ਤੇ ਨਿਰਮਲ ਹੁੰਦੀ ਹੈ । ਦਿਨ ਦੇ ਰੁਝੇਵਿਆਂ ਨੇ ਇਸ ਸਮੇਂ ਤੱਕ ਮਨੁੱਖ ਨੂੰ ਆਪਣੇ ਗ਼ਲਬੇ ਵਿੱਚ ਨਹੀਂ ਲਿਆ ਹੁੰਦਾ ਅਤੇ ਉਹ ਦਿਮਾਗੀ ਤੋਰ ਤੇ ਵੀ ਬਹੁਤ ਸ਼ਾਂਤ ਹੁੰਦਾ ਹੈ । ਇਨ੍ਹਾਂ ਕੁਝ ਇੱਕ ਕਾਰਨਾਂ ਕਰਕੇ ਮਨੁੱਖ ਮਾਲਕ ਦੀਆਂ ਸੂਖਮ ਤਰੰਗਾਂ ਦੀ ਕਸ਼ਸ਼ ਦੇ ਬਹੁਤ ਨੇੜੇ ਹੁੰਦਾ ਹੈ । ਦਿਨ ਚੜ੍ਹਨ ਨਾਲ ਜਿਉਂ ਜਿਉਂ ਅਸਮਾਨੀ ਕਿਰਨਾਂ ਸਭ ਪਾਸੇ ਬਿਖਰਦੀਆਂ ਹਨ ਇਵੇਂ ਹੀ ਮਨੁੱਖੀ ਇਕਾਰਗਤਾ ਵੀ ਬਿਖਰ ਜਾਂਦੀ ਹੈ ਪਰ ਅੰਮ੍ਰਿਤ ਵੇਲੇ ਮਨੁੱਖ ਅਜਿਹੇ ਮਾਇਆ ਵਾਦੀ ਪ੍ਰਭਾਵਾਂ ਤੋਂ ਬੱਚਿਆ ਹੋਇਆ ਹੋਣ ਕਾਰਨ ਆਪਣੇ ਮਨ ਨੂੰ ਪ੍ਰਭੂ ਦੀ ਉਪਾਸਨਾ ਵਿੱਚ ਸਹਿਜੇ ਹੀ ਲਗਾ ਸਕਦਾ ਹੈ । ਕਲਜੁਗ ਦੇ ਮਨੁੱਖ ਨੂੰ ਦੁਨਿਆਵੀ ਕਾਰਜਾਂ ਨੇ ਇਤਨਾ ਗ੍ਰਸ ਲਿਆ ਹੈ ਕਿ ਉਸ ਨੂੰ ਪ੍ਰਮਾਤਮਾ ਦੀ ਸਿਮਰਤੀ ਲਈ ਕੋਈ ਵਕਤ ਨਹੀਂ ਮਿਲਦਾ, ਇਸ ਲਈ ਉਹ ਰੱਬ ਨੂੰ ਯਾਦ ਕਰਨ ਚ ਆਕੀ ਜਿਹਾ ਹੋਇਆ ਪ੍ਰਤੀਤ ਕਰਦਾ ਹੈ । ਜੇਕਰ ਉਹ ਹਿੰਮਤ ਕਰਕੇ, ਨੀਂਦ ਨੂੰ ਤਿਲਾਂਜਲੀ ਦੇ ਕੇ ਅੰਮ੍ਰਿਤ ਵੇਲੇ ਦੀਆਂ ਘੜੀਆਂ ਨੀਂਦ ਦੀ ਗ੍ਰਿਫਤ (ਪਕੜ) ਵਿਚੋਂ ਛੁਡਾ ਲਵੇ ਤਾਂ ਇਹ ਉਸ ਦੀ ਸਭ ਤੋਂ ਵੱਡੀ ਤੇ ਉੱਤਮ ਪ੍ਰਾਪਤੀ ਹੋ ਸਕਦੀ ਹੈ । ਅੰਮ੍ਰਿਤ ਵੇਲਾ ਪ੍ਰਭੂ ਦੇ ਅੰਮ੍ਰਿਤ ਨਾਲ ਭਰਿਆ

ਸਮਾਂ ਹੋਣ ਕਾਰਨ ਇਸ ਸਮੇਂ ਦਾ ਇੱਕ ਛਿਨ ਪਲ ਵੀ ਬਾਕੀ ਦਿਨ ਨਾਲੋਂ ਹਰ ਲਿਹਾਜ਼ ਨਾਲ ਉੱਤਮ ਹੈ ਕਿਉਂਕਿ ਦਿਨ ਦੇ 24 ਘੰਟਿਆਂ ਵਿੱਚ ਕੇਵਲ ਇਨ੍ਹਾਂ ਦੋਂ ਤਿੰਨ ਘੰਟਿਆਂ ਨੂੰ ਹੀ ਅੰਮ੍ਰਿਤ ਵੇਲਾ ਕਹਿ ਕੇ ਵਖਰਿਆਇਆ ਗਿਆ ਹੈ। ਇਸ ਲਈ ਜੇ ਮਨੁੱਖ ਨੂੰ ਇਸ ਸਮੇਂ ਵਿੱਚ ਕੁਝ ਪਲ ਵੀ ਇਕਾਗਰ ਮਨ ਨਾਲ ਅਕਾਲ ਮਹਿਮਾ ਗਾਉਣ ਜਾਂ ਉਸ ਦੇ ਸਿਮਰਣ ਕਰਨ ਦਾ ਅਵਸਰ ਮਿਲਦਾ ਹੈ ਤਾਂ ਉਹ ਆਪਣੇ ਮਕਸਦ ਵਿੱਚ ਸਫਲ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਆਪਣੀ ਬਾਣੀ ਅਕਾਲ ਉਸਤਤ ਵਿੱਚ ਇਸ ਬਾਰੇ ਫਰਮਾਉਂਦੇ ਹਨ :

ਏਕ ਚਿਤ ਜਿਹ ਇਕ ਛਿਨ ਧਿਆਇਓ ॥
ਕਾਲ ਫਾਸਿ ਕੇ ਬੀਚ ਨ ਆਇਓ ॥੧੦॥ – ਅਕਾਲ ਉਸਤਤਿ

ਅੰਮ੍ਰਿਤ ਵੇਲੇ ਦੀ ਇਕਾਗਰਤਾ ਦਾ ਇੱਕ ਪਲ, ਇਕ ਛਿਨ, ਇੱਕ ਚਸਾ ਵੀ ਮਨੁੱਖ ਨੂੰ ਕਾਲ ਦੀ ਮਾਰ ਤੋਂ, ਜਮਾਂ ਦੇ ਦੰਡ ਤੋਂ, ਨਰਕਾਂ ਦੇ ਵਾਸੇ ਤੋਂ ਬਚਾ ਸਕਦਾ ਹੈ। ਦਰਵੇਸ਼ ਪੁਰਸ਼ ਵੀ ਮਨੁੱਖ ਨੂੰ ਇਹੀ ਹਦਾਇਤ ਕਰਦੇ ਹਨ ਕਿ ਐ ਮਨੁੱਖ ਤੂੰ ਅੰਮ੍ਰਿਤ ਵੇਲੇ ਦੀ ਗੂੜ੍ਹੀ ਨੀਂਦ ਦਾ ਆਨੰਦ ਇਸ ਕਰਕੇ ਤਿਆਗ ਦੇ ਕਿਉਂਕਿ ਪ੍ਰਮਾਤਮਾ ਦੇ ਦਰਬਾਰ ਵਿੱਚ ਅੰਮ੍ਰਿਤ ਵੇਲੇ ਦੀ ਕੀਤੀ ਪੂਜਾ ਦਾ ਬੜਾ ਵਿਸ਼ੇਸ਼ ਤੇ ਪ੍ਰਭਾਵਸ਼ਾਲੀ ਮਹੱਤਵ ਹੈ। ਉਹ ਇਸ ਲਈ ਕਿ ਇਹ ਸਮਾਂ ਦੁਨਿਆਵੀ ਲਬ ਲਬੇੜਾਂ ਤੋਂ ਮੁਕਤ ਹੋਣ ਕਾਰਨ ਅੰਮ੍ਰਿਤ ਵਾਂਗਰਾਂ ਪਵਿੱਤਰ ਹੁੰਦਾ ਹੈ ਜਿਸ ਦੀ ਬਦੌਲਤ ਮਨ ਦੀ ਇਕਾਰਗਤਾ ਤੇ ਆਤਮਾ ਦੀ ਨਿਰਮਲਤਾ ਸੁਤੇ ਸਿੱਧ ਹੀ ਉਪਲਬਧ ਹੁੰਦੀਆਂ ਹਨ। ਬਾਬਾ ਫਰੀਦ ਜੀ ਵੀ ਪਿਛਲੇ ਪਹਿਰ ਜਾਗ ਕੇ ਅਬਾਦਤ ਕਰਨ ਦਾ ਬੜਾ ਮਹੱਤਵ ਤੇ ਫਲ ਦੱਸਦੇ ਫਰਮਾਉਂਦੇ ਹਨ :

ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥
ਜਿੰਨ੍ਾ ਨੈਣ ਨੀਦ੍ਰਾਵਲੇ ਤਿੰਨ੍ਾ ਮਿਲਣੁ ਕੁਆਉ ॥੯੦॥
ਸਲੋਕ (ਭ. ਫਰੀਦ) – ਅੰਗ ੧੩੮੨

ਇਹ ਪ੍ਰਭੂ ਦੀ ਨਾਮ ਰੂਪੀ ਕਸਤੂਰੀ ਉਹ ਹੀ ਪ੍ਰਾਪਤ ਕਰਦੇ ਹਨ ਜਿਹੜੇ ਰਾਤ ਜਾਗਦੇ ਹਨ ਤੇ ਉਸ ਦੀ ਉਪਾਸਨਾ ਕਰਦੇ ਹਨ। ਜਿਨ੍ਹਾਂ ਨੇ ਨੀਂਦ ਪਿਆਰੀ ਕੀਤੀ ਹੁੰਦੀ ਹੈ ਉਨ੍ਹਾਂ ਨੂੰ ਕੀ ਮਿਲਣਾ ਹੈ ? ਉਹ ਤਾਂ ਬਖਸ਼ਿਸ਼ਾਂ ਦਾ ਵੇਲਾ ਐਵੇਂ ਹੀ ਵਿਹਾ ਦਿੰਦੇ ਹਨ। ਇਸ ਲਈ ਫਰੀਦ ਜੀ ਫਿਰ ਜ਼ੋਰ ਦੇ ਕੇ ਸਾਧਕ ਨੂੰ ਹੌਸਲਾ ਦਿੰਦੇ ਕਹਿੰਦੇ ਹਨ :

ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥੭੧॥
ਸਲੋਕ (ਭ. ਫਰੀਦ) – ਅੰਗ ੧੩੮੧

ਅੰਮ੍ਰਿਤ ਵੇਲੇ ਜਾਗਣ ਦੀ ਕਿਤਨੀ ਪ੍ਰਬਲ ਹਦਾਇਤ ਹੈ, ਨਿਮਨ ਸਲੋਕ ਇਸ ਦੀ ਸਾਖੀ ਭਰਦਾ ਹੈ :

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥

ਸਲੋਕ (ਭ. ਫਰੀਦ) – ਅੰਗ ੧੩੮੩

ਇਸ ਲਈ ਜੋ ਮਨੁੱਖ ਅੰਮ੍ਰਿਤ ਵੇਲੇ ਉਠ ਕੇ ਪ੍ਰਭੂ ਅਰਾਧਨਾ ਵਿੱਚ ਨਹੀਂ ਲੱਗਾ ਉਸ ਆਤਮਘਾਤ ਕੀਤਾ ਹੈ, ਜੀਵਨ ਬਰਬਾਦ ਕਰ ਲਿਆ ਹੈ ਅਤੇ ਉਹ ਜੀਂਦਿਆਂ ਹੀ ਮਰਿਆਂ ਵਿੱਚ ਗਿਣੇ ਜਾਣ ਸਮਾਨ ਹੈ ।

ਗੁਰੂ ਰਾਮਦਾਸ ਜੀ ਜਦ ਆਪਣੇ ਸਿੱਖਾਂ ਲਈ ਨਿਤਾਪ੍ਰਤੀ ਦਾ ਜ਼ਾਬਤਾ ਉਲੀਕਦੇ ਹਨ ਤਾਂ ਉਨ੍ਹਾਂ ਨੂੰ ਵੀ ਇਹੀ ਹੁਕਮ ਕਰਦੇ ਹਨ ਕਿ ਉਨ੍ਹਾਂ ਨੇ ਅੰਮ੍ਰਿਤ ਵੇਲੇ (ਭਲਕੇ) ਉਠਣਾ ਹੈ, ਇਸ਼ਨਾਨ ਪਾਣੀ ਕਰਕੇ, ਸੁਚੇਤ ਹੋ ਕੇ ਨਾਮ ਸਿਮਰਨ ਕਰਨਾ ਹੈ, ਬਾਣੀ ਗਾਉਂਣੀ ਹੈ ਅਤੇ ਦਿਨ ਚੜ੍ਹਨ ਤੇ ਦੁਨਿਆਵੀ ਕਾਰਾਂ ਵਿਹਾਰਾਂ ਵਿੱਚ ਲੱਗਣਾ ਹੈ । ਸ਼ਬਦ ਦੇ ਪ੍ਰਾਰੰਭਕ ਬਚਨ ਇਵੇਂ ਹਨ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ॥
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥

ਗਉੜੀ ਕੀ ਵਾਰ:੧ (ਮਃ ੪) – ਅੰਗ ੩੦੫

ਇਸ ਅੰਮ੍ਰਿਤ ਵੇਲੇ ਦੇ ਸਿਮਰਨ ਦਾ ਫਲ ਵੀ ਆਪ ਜੀ ਇਵੇਂ ਦੱਸਦੇ ਹਨ :

ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ
ਹਰਿ ਭਗਤੀ ਹਰਿ ਲਿਵ ਲਾਈ ॥
ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥
ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ ॥੩॥

– ਸੂਹੀ (ਮਃ ੪) – ਅੰਗ ੭੩੪

ਅੰਮ੍ਰਿਤ ਵੇਲੇ ਦਾ ਜਾਪੁ ਸਿਮਰਨ, ਆਰਾਧਣ, ਤਪ, ਸੰਜਮ, ਜਨਮ ਮਰਨ ਦੀ ਮੈਲ ਨੂੰ ਲਾਹ ਕੇ ਮਨੁੱਖ ਨੂੰ ਨਿਰਮਲ ਕਰ ਦਿੰਦਾ ਹੈ । ਗੁਰੂ ਅਰਜਨ ਦੇਵ ਜੀ ਵੀ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ :

ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ ॥
ਜਨਮ ਮਰਣ ਮਲੁ ਉਤਰੈ ਸਚੇ ਕੇ ਗੁਣ ਗਾਇ ॥੧॥

ਮਾਰੂ ਵਾਰ:੨ (ਮਃ ੫) – ਅੰਗ ੧੦੯੯

ਜਿਹੜੇ ਪ੍ਰਭਾਤ ਵੇਲੇ ਸੁੱਚੇ ਹੋ ਕੇ ਵਾਹਿਗੁਰੂ ਦਾ ਨਾਮ ਜਪਦੇ ਹਨ ਉਨ੍ਹਾਂ ਦੇ ਬਿਖੜੇ ਤੇ ਜੋਖ਼ਮ ਭਰੇ ਪੈਂਡੇ ਮੁਕ ਜਾਂਦੇ ਹਨ ਤੇ ਉਹ ਆਪਣੀ ਮੰਜ਼ਲ ਤੇ ਸੁੱਖ ਸਹਿਜ ਸੇਤੀ ਅਪੜ ਜਾਂਦੇ ਹਨ। ਗੁਰ ਵਾਕ ਹਨ :

ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥੩॥
ਬਸੰਤੁ (ਮਃ ੫) – ਅੰਗ ੧੧੮੫

ਇੱਕ ਥਾਂ ਹੋਰ ਪੰਚਮ ਪਿਤਾ ਪ੍ਰਾਤਾਕਾਲ ਨੂੰ ਅਜਾਈਂ ਨਾ ਗਵਾ ਕੇ ਇਸ ਨੂੰ ਅਬਾਦਤ ਵਿੱਚ ਪ੍ਰਯੋਗ ਕਰਨ ਦੇ ਲਾਭ ਬਾਰੇ ਇਵੇਂ ਦੱਸਦੇ ਹਨ :

ਪ੍ਰਾਤਹਕਾਲਿ ਹਰਿ ਨਾਮੁ ਉਚਾਰੀ ॥ ਈਤ ਊਤ ਕੀ ਓਟ ਸਵਾਰੀ ॥੧॥
ਸਦਾ ਸਦਾ ਜਪੀਐ ਹਰਿ ਨਾਮ ॥ ਪੂਰਨ ਹੋਵਹਿ ਮਨ ਕੇ ਕਾਮ ॥੧॥ ਰਹਾਉ ॥
– ਅੰਗ ੭੪੩

ਇਸ ਲਈ ਜੇ ਇਸ ਜਹਾਨ ਅਤੇ ਅਗਲੇ ਜਹਾਨ ਦੋਹਾਂ ਨੂੰ ਸੰਵਾਰਨਾ ਹੈ ਤਾਂ ਹਰ ਸਮੇਂ ਪ੍ਰਮਾਤਮਾ ਦੀ ਰਜ਼ਾ ਵਿੱਚ ਰਹਿੰਦਿਆਂ ਹੋਇਆਂ ਪਰਾਤਾਕਾਲ ਦੇ ਸਮੇਂ ਉਠ ਕੇ ਵਾਹਿਗੁਰੂ ਦੇ ਨਾਮ ਦਾ ਇਕਾਗਰਤਾ ਸਹਿਤ ਸਿਮਰਨ ਕਰਨਾ ਅਤੀ ਅਵੱਸ਼ਕ ਹੈ। ਜਦ ਸੰਤ ਜਨ ਅੰਮ੍ਰਿਤ ਵੇਲੇ ਜਾਗ ਕੇ ਇਸ ਨਾਮ ਦਾ ਆਨੰਦ ਮਾਣਦੇ ਹਨ, ਉਸ ਸਮੇਂ ਮਾਇਆ ਵਿੱਚ ਗਰਸਿਆ ਸੰਸਾਰ ਨੀਂਦ ਦੇ ਆਗ਼ੋਸ਼ (ਬੁੱਕਲ) ਵਿੱਚ ਗਲਤਾਨ ਪਿਆ ਹੁੰਦਾ ਹੈ ਤੇ ਇਵੇਂ ਪ੍ਰਤੀਤ ਹੁੰਦਾ ਹੈ ਕਿ ਉਸ ਨੇ ਜੀਵਨ ਦੀ ਬਾਜ਼ੀ ਹਾਰ ਦਿੱਤੀ ਹੈ ਜਾਂ ਜੀਵਨ ਦੇ ਮੁੱਖ ਉਦੇਸ਼ ਤੋਂ ਬਿਲਕੁਲ ਅਵੇਸਲਾ ਹੋ ਗਿਆ ਹੈ। ਜਿਸ ਨੂੰ ਇਹ ਸੋਝੀ ਹੋ ਗਈ ਕਿ ਰਾਤ ਦਾ ਆਖਰੀ ਪਹਿਰ ਪ੍ਰਭੂ ਪਿਆਰੇ ਦੇ ਮੇਲ ਲਈ ਸੁਹਾਵਣਾ ਸਮਾਂ ਹੈ ਅਤੇ ਉਸ ਨੇ ਇਸ ਸਮੇਂ ਨੂੰ ਸੰਭਾਲ ਲਿਆ ਸਮਝੋ ਉਸ ਨੇ ਜੀਵਨ ਨੂੰ ਸਫਲ ਕਰ ਲਿਆ ਹੈ ਅਤੇ ਆਪਣੇ ਮਨ ਨੂੰ ਪ੍ਰਭੂ ਦੇ ਕਿੱਲੇ ਨਾਲ ਬੰਨ੍ਹ ਲਿਆ ਹੈ ਤਾਂ ਕਿ ਉਹ ਕਿਧਰੇ ਨਸ ਕੇ ਫਿਰ ਭਟਕਣਾ ਵਿੱਚ ਨਾ ਫਸ ਜਾਵੇ। ਇਹ ਪ੍ਰਾਪਤੀ ਆਪਣੇ ਆਪ ਵਿੱਚ ਉਲੇਖ ਯੋਗ ਹੈ ਤੇ ਮਾਣਜਨਕ ਵੀ।

ਅਮ੍ਰਿਤ ਵਰਸੈ ਸਹਜਿ ਸੁਭਾਇ ॥ ਅੰਗ ੧੧੯

**ਧੰਨਵਾਦ ਸਹਿਤ ਵਿਚੋਂ :–**

**ਡਾ. ਸਰੂਪ ਸਿੰਘ ਅਲੱਗ**

**ਪੀ. ਐਚ. ਡੀ., ਡੀ. ਲਿਟ. ਯੂ. ਐਸ. ਏ.**

# ਗਤੀਵਿਧੀਆਂ

## ਨਾਨਕਸ਼ਾਹੀ ਜੰਤਰੀ ਅਨੁਸਾਰ ਸਾਵਣ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 14-09-2017 ਤੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਨਾਲ ਸ਼ੁਰੂ ਹੋਇਆ । ਪਾਠ ਦੇ ਭੋਗ 16-09-2017 ਨੂੰ ਸਵੇਰ ਦੇ ਸਮੇਂ ਪਾਏ ਗਏ।

ਮਿਤੀ 16-09-2017 ਦਿਨ ਸ਼ਨੀਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ '**ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥**' ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ। ਕੀਰਤਨ ਤੇ ਕਥਾ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ ।ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਫ੍ਰੀ ਮੈਡੀਕਲ ਕੈਂਪ ਮਿਤੀ 26-08-2017-ਰਿਪੋਰਟ

ਮਿਤੀ 26-08-2017 ਨੂੰ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਵਲੋਂ ਡਾ. ਜਨਰਲ ਜਸਵੰਤ ਸਿੰਘ ਚੈਰੀਟੇਬਲ ਟ੍ਰਸਟ ਦੇ ਉਪਰਾਲੇ ਨਾਲ ਇਕ ਫ੍ਰੀ ਮੈਡੀਕਲ ਸੇਵਾ ਕੈਂਪ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ, ਛੱਜੂ ਮਾਜਰਾ ਜ਼ਿਲਾ ਐਸ.ਏ.ਐਸ. ਨਗਰ ਵਿਖੇ ਆਯੋਜਿਤ ਕੀਤਾ ਗਿਆ। ਇਸ ਕੈਂਪ ਵਿਚ 209 ਪ੍ਰਾਣੀਆਂ ਨੇ ਡਾਕਟਰੀ ਸੇਵਾਵਾਂ ਦਾ ਲਾਭ ਉਠਾਇਆ ਜਿਸ ਦਾ ਵੇਰਵਾਂ ਹੇਠ ਲਿਖੇ ਅਨੁਸਾਰ ਹੈ ।

| | |
|---|---|
| **ਅੱਖਾ ਦਾ ਚੈਕ ਅੱਪ** | **108** |
| **ਜਨਰਲ ਚੈਕ ਅੱਪ** | **44** |
| **ਦਿਲ ਦੇ ਰੋਗ** | **7** |
| **ਦੰਦਾ ਦਾ ਚੈਕ ਅੱਪ** | **19** |
| **ਕਲਿਨੀਕਲ ਲੈਬ ਟੈਸਟ** | **31** |
| **ਕੁੱਲ** | **209** |

ਇਸ ਕੈਂਪ ਵਿਚ ਅੱਖਾਂ ਦੀ ਬੀਮਾਰੀਆਂ ਦੇ ਚੈਕ ਅੱਪ ਅਤੇ ਮੁਫਤ ਅੱਖਾਂ ਦੇ ਉਪਰੇਸ਼ਨ ਦੀ ਸੇਵਾ J.P. Eye Hospital ਦੇ ਮਾਹਰ ਡਾਕਟਰਾਂ ਦੀ ਟੀਮ ਵਲੋਂ, ਜਨਰਲ ਚੈਕ ਅੱਪ ਦੀ ਸੇਵਾ ਡਾ. ਦੇਵਿੰਦਰ ਗਰਗ MBBS ਅਤੇ ਦੰਦਾ ਦਾ ਚੈਕ ਅੱਪ ਡਾ.ਅਮਨਪ੍ਰੀਤ ਕੌਰ (B.D.S.) ਅਤੇ ਦਿਲ ਦੀਆਂ ਬੀਮਾਰੀਆਂ ਦਾ ਚੈਕ ਅੱਪ ਡਾ. ਦਲਬੀਰ ਸਿੰਘ M.D. FICA (USA) ਦੁਆਰਾ ਨਿਭਾਈ ਗਈ । ਰਿਆਇਤੀ ਕੀਮਤਾਂ ਤੇ ਐਨਕਾਂ ਬਣਾਉਣ ਦੀ ਸੇਵਾ J.P. Eye Hospital ਮੋਹਾਲੀ ਵਾਲਿਆਂ ਨੇ ਕੀਤੀ । ਕੈਂਪ ਵਿਚ ਕੁੱਲ 11 ਮਰੀਜਾਂ ਦੇ ਮੌਕੇ ਤੇ ਓਪਰੇਸ਼ਨ J.P. Hospital Mohali ਵਿਖੇ ਕੀਤੇ ਗਏ । 5 ਮਰੀਜਾਂ ਨੇ ਬਾਅਦ ਵਿੱਚ ਆਉਣ ਦੀ ਹਾਮੀ ਭਰੀ ।ਇਸ ਮੌਕੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ।

ਇਸ ਤੋਂ ਇਲਾਵਾ ਫ੍ਰੀ ਕਲਿਨੀਕਲ ਲੈਬਾਰਟੇਰੀ ਟੈਸਟ ਵੀ ਕੀਤੇ ਗਏ ਅਤੇ ਵਿਸ਼ੇਸ਼ ਪੈਕੇਜ ਬਹੁਤ ਹੀ ਰਿਆਇਤੀ ਦਰਾਂ ਤੇ ਕੀਤੇ ਗਏ ਜਿਸ ਦਾ ਲੋਕਾ ਨੇ ਭਰਵਾ ਲਾਭ ਉਠਾਇਆ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਸਤੰਬਰ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 71 | 165 | 235 |
| 2 | Eye | 11 | 32 | 43 |
| 3 | Cardiology | 02 | 29 | 31 |
| 4 | Dental | 31 | 91 | 122 |
| 5 | Gynaecology | 12 | 37 | 49 |
| 6 | Homoeopathy | 34 | 337 | 371 |
| 7 | Physiotherapy | 10 | 15 | 25 |
| | Total | 171 | 705 | 876 |
| | Laboratory | 37 | - | 37 |

## ਧੰਨਵਾਦ :

## ਸਤੰਬਰ 2017 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:–

1. S. Dhanwant Singh #447/Ph4/Mohali 1,000/-
2. Bibi Gurdeep Kaur #461/Sec. 44A/Chd 1,000/-
3. S. Harsharnpal Singh Bhatia #461/44A 1,000/-
4. Bibi Harpreet Kaur #461/Sec 44A/Chd 1,000/-
5. Bibi. Harleen Kaur Sarna #107G, Shivalik Vihar Naya Goan, Mohali 500/-
6. Bibi Rajleen Kaur #836/Phase- II/Mohali 500/-
7. Bibi Narinder Kaur #800/Sec 43A/Chd 600/-
8. S. Surinder Singh #303/Sec. 20A/Chd 500/-
9. Bibi Jasleen Kaur #1369/Sec 40B/Chd 500/-
10. Bibi Sumit Kaur #2077/Phase- 7/Mohali5,000/-
11. S. Sumit Singh/Kharar 3,000/-
12. Bibi Rajinder Kaur #345/Sec. 45A/Chd 5,000/-
13. Bibi Harsharan Kaur #1109/Sec. 36C 30,000/-
14. Bibi Satnam Kaur #3054/Sec. 35D 20,000/-
15. S. Avtar Singh #144/Sec. 35A/Chd 20,000/-
16. Col. J.S. Bhatia #1541/Sec. 34D/Chd 5,000/-
17. All Indian Sikh Federation(Regd.) D-9(G.F.) Green Park Main New Delhi 11,000/-
18. S. Birinder Singh # 6A/Sunny Enc/Kharar500/-
19. S. Sarbjit Singh Kharar 2,600/-
20. Bhai Jaskaran Singh/Gur. Par. Training 250/-
21. Bhai Bhupinder Singh/Gur. Par. Training 500/-
22. Bibi Karamjit Kaur #1522/Sec. 33D/Chd 500/-
23. Bibi Narinder Kaur/Mohali 200/-
24. Col. H.S Uppal #306/Sec. 33A/Chd 40,000/-
25. S. Dilbagh Singh/ Satkar Properties Mundi Kharar 500/-
26. Bibi Gurnoor Kaur/Mundi Kharar 50/-
27. Bibi Surjit Kaur/Mundi Kharar 100/-
28. S. Mandeep Singh/Mundi Kharar 110/-
29. S. Kamaljit Singh/Mundi Kharar 100/-
30. S. Darshan Singh/Mundi Kharar 100/-
31. S. Amarjit Singh/Mundi Kharar 100/-
32. S. Rajinder Singh/Mundi Kharar 100/-
33. S. Jagjit Singh/Mundi Kharar 100/-
34. S. Gurdeep Singh Sachar EA-136/Maya Enclave/New Delhi 10,000/-
35. Secretary Gurdwara Sikh Sangat/ Niagara Falls Canada 4,420/-
36. Sh. Hira Lal/N Tower SRD/ M. Kharar 500/-
37. Bibi Birinder Kaur #1116/Sector-36C 11,000/-
38. Rani Goel #18B/Merri Gold Enc. Kharar 51/-
39. Dr. Saranjit Singh # 2817/Ph7/Mohali 2,000/-
40. S. Harjinder Singh/Sunny Enc./ Kharar 500/-
41. S. D.P Singh #393/Phase- 9/Mohali 1,200/-
42. Gen. Dr. Jaswant Singh Charitable Trust #1801/Sector-33D/Chd 60,000/-
43. S. Narinder Bir Singh #1444/34C/Chd 2,000/-
44. Bibi Surjit Kaur #1444/Sec. 34C/Chd 2,000/-
45. Atam Science Trust/ A-1, Kalindi Colony/New Delhi 15,000/-
46. S. Paramjit Singh # 1116/Phase-3B2 11,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।